ਮਾਇਕ੍ਰੋਸਾਫਟ ਐਕਸਲ (ਭਾਗ-4)

ਇਸ ਪਾਠ ਦੇ ਉਦੇਸ਼

6.1 ਐੱਮ. ਐੱਸ. ਐਕਸਲ ਵਿੱਚ ਪੇਜ ਲੇਅ-ਆਊਟ ਸੈੱਟ ਕਰਨਾ

6.2 ਐੱਮ. ਐੱਸ. ਐਕਸਲ ਵਿੱਚ ਵੱਖੋ-ਵੱਖਰੇ ਵਿਚਾਰਾਂ ਨਾਲ ਕੰਮ ਕਰਨਾ

6.3 ਸ਼ੀਟ ਅਤੇ ਵਰਕਬੁੱਕ ਦੀ ਸੁਰੱਖਿਆ।

ਜਾਣ-ਪਹਿਚਾਣ (Introduction)

ਅਸੀਂ ਸਾਰੇ ਹੁਣ ਤੱਕ ਕਿਸੇ ਵੀ ਕਿਸਮ ਦੀ ਐੱਮ. ਐੱਸ. ਐਕਸਲ ਵਰਕਸ਼ੀਟ ਨੂੰ ਸੁੰਦਰ ਫਾਰਮੈਟਿੰਗ, ਡਾਟਾ ਟੂਲ, ਫੰਕਸ਼ਨਜ਼ ਅਤੇ ਫਾਰਮੂਲੇ ਅਤੇ ਲੋੜੀਂਦੇ ਸਟਾਈਲ ਵਿੱਚ ਸਾਡੇ ਡਾਟਾ ਨੂੰ ਦਰਸਾਉਣ ਦੇ ਯੋਗ ਹੋ ਗਏ ਹਾਂ। ਐੱਮ. ਐੱਸ. ਐਕਸਲ ਨਾਲ ਸੰਬੰਧਤ ਇਸ ਆਖਰੀ ਪਾਠ ਵਿੱਚ ਅਸੀਂ ਆਪਣੀ ਵਰਕਬੁੱਕ ਲਈ ਵਰਤੇ ਜਾਂਦੇ ਪੇਜ ਲੇਅ-ਆਊਟ ਅਤੇ ਸੁਰੱਖਿਆ ਮੁਹੱਈਆ ਕਰਵਾਉਣ ਬਾਰੇ ਸਿੱਖਣ ਜਾ ਰਹੇ ਹਾਂ। ਇਹ ਬਹੁਤ ਮਹੱਤਵਪੂਰਣ ਪਾਠ ਹੈ ਕਿਉਂਕਿ ਇਸ ਪਾਠ ਨਾਲ ਸੰਬੰਧਤ ਸਾਰੇ ਉਦੇਸ਼ ਐੱਮ. ਐੱਸ. ਵਰਕਬੁੱਕ ਨੂੰ ਪ੍ਰਿੰਟ ਜਾਂ ਸ਼ੇਅਰ ਕਰਨ ਨੂੰ ਅੰਤਿਮ ਰੂਪ ਦੇਣ ਨਾਲ ਸੰਬੰਧਤ ਹਨ। ਆਓ ਇਹਨਾਂ ਸੰਬੰਧਿਤ ਆਪਸ਼ਨਜ਼ ਨੂੰ ਵਿਸਥਾਰ ਵਿੱਚ ਸਮਝੀਏ।

6.1 ਐੱਮ. ਐੱਸ. ਐਕਸਲ ਵਿੱਚ ਪੇਜ ਲੇਅ-ਆਊਟ ਸੈੱਟ ਕਰਨਾ (Setting Page Layout In Ms Excel)

ਐੱਮ. ਐੱਸ. ਐਕਸਲ ਵਿੱਚ ਵਰਤੀਆਂ ਜਾਂਦੀਆਂ ਇਹ ਆਪਸ਼ਨਜ਼ ਜਾਂ ਕਮਾਂਡਜ਼ ਮੁੱਖ ਤੌਰ ਤੇ ਸਾਡੀ ਵਰਕਸ਼ੀਟ ਦੀ ਪ੍ਰਿੰਟਿੰਗ ਨਾਲ ਸੰਬੰਧਤ ਹੁੰਦੀਆਂ ਹਨ। ਪੇਜ ਲੇਅ-ਆਊਟ ਟੈਬ ਕੁਝ ਕਮਾਂਡਜ਼ ਮੁਹੱਈਆ ਕਰਦੀ ਹੈ ਜੋ ਸਾਨੂੰ ਪ੍ਰਿੰਟ ਕੀਤੇ ਜਾਣ ਵਾਲੇ ਪੇਜ ਤੇ ਸਾਡੇ ਡਾਟਾ ਦੇ ਪ੍ਰਦਰਸ਼ਿਤ ਹੋਣ ਦੇ ਤਰੀਕੇ ਨੂੰ ਕੰਟਰੋਲ ਕਰਦੀਆਂ ਹਨ। ਇਹਨਾਂ ਵਿੱਚ ਕਈ ਆਪਸ਼ਨਜ਼ ਸ਼ਾਮਿਲ ਹੋ ਸਕਦੀਆਂ ਹਨ ਜਿਵੇਂ ਕਿ ਮਾਰਜ਼ਨ, ਪੇਜ ਓਰੀਐਂਟੇਸ਼ਨ, ਪੇਪਰ ਸਾਈਜ਼, ਪ੍ਰਿੰਟ ਏਰੀਆ, ਹੈੱਡਰ/ਫੁੱਟਰ ਅਤੇ ਹੋਰ ਪ੍ਰਿੰਟਿੰਗ ਨਾਲ ਜੁੜੀਆਂ ਆਪਸ਼ਨਜ਼। ਕੁਝ ਪੇਜ ਲੇਅ-ਆਊਟ ਆਪਸ਼ਨਜ ਜਿਵੇਂ ਕਿ ਪ੍ਰਿੰਟ ਟਾਇਟਲ ਅਤੇ ਪੇਜ ਬ੍ਰੇਕ ਸਾਡੀ ਵਰਕਬੁੱਕ ਨੂੰ ਪੜ੍ਹਨ ਵਿੱਚ ਅਸਾਨ ਬਣਾਉਣ ਵਿੱਚ ਸਹਾਇਤਾ ਕਰ ਸਕਦੀਆਂ ਹਨ। ਅਸੀਂ ਇਹਨਾਂ ਆਪਸ਼ਨਜ਼ ਨੂੰ ਵਿਸਥਾਰ ਵਿੱਚ ਹੇਠਾਂ ਦੱਸੇ ਅਨੁਸਾਰ ਸਮਝ ਸਕਦੇ ਹਾਂ।

6.1.1 ਮਾਰਜ਼ਨ (Margin)

ਮਾਰਜ਼ਨ ਵਰਕਸ਼ੀਟ ਡਾਟਾ ਅਤੇ ਪ੍ਰਿੰਟ ਕੀਤੇ ਪੇਜ ਦੇ ਖੱਬੇ, ਸੱਜੇ, ਉੱਪਰ ਅਤੇ ਹੇਠਲੇ ਕਿਨਾਰਿਆਂ ਦੇ ਵਿਚਕਾਰ ਖਾਲੀ ਜਗ੍ਹਾ ਹੁੰਦੀ ਹੈ। ਅਸੀਂ ਯੂਜ਼ਰ ਦੇ ਡਾਟਾ ਦੀਆਂ ਸਾਰੀਆਂ ਦਿਸ਼ਾਵਾਂ ਦੀ ਮਾਰਜ਼ਨ ਘਟਾ ਜਾਂ ਵਧਾ ਸਕਦੇ ਹਾਂ। ਹੇਠ ਦਿੱਤੇ ਅਨੁਸਾਰ ਵੱਖ-ਵੱਖ ਮਾਰਜ਼ਨ ਨੂੰ ਸਮਝ ਸਕਦੇ ਹਾਂ।



ਚਿੱਤਰ 6.1 ਐੱਮ. ਐੱਸ. ਐਕਸਲ ਦੀਆਂ ਵੱਖ-ਵੱਖ ਮਾਰਜ਼ਨਜ਼

ਅਸੀਂ ਉਪਰੋਕਤ ਦਰਸਾਏ ਅਨੁਸਾਰ ਵੱਖ-ਵੱਖ ਮਾਰਜ਼ਨ ਦੇ ਮੁੱਲ ਬਦਲ ਸਕਦੇ ਹਾਂ ਅਤੇ ਕਿਸੇ ਵੀ ਮਾਰਜ਼ਨ ਨੂੰ ਜ਼ੀਰੋ ਸੈੱਟ ਕਰਕੇ ਹਟਾ ਵੀ ਸਕਦੇ ਹਾਂ। ਆਓ ਐੱਮ. ਐੱਸ. ਐਕਸਲ ਵਿੱਚ ਪੇਜ ਮਾਰਜ਼ਨ ਦੇ ਪ੍ਰਬੰਧਨ ਦੇ ਵੱਖੋ-ਵੱਖਰੇ ਤਰੀਕੇ ਸਮਝੀਏ।

6.1.1.1 ਮਾਰਜ਼ਨ ਸੈੱਟ ਕਰਨਾ (Setting Margins) :

ਅਸੀਂ ਐੱਮ. ਐੱਸ. ਐਕਸਲ ਵਿੱਚ ਸਾਡੀ ਜ਼ਰੂਰਤ ਦੇ ਅਨੁਸਾਰ ਕਿਸੇ ਵੀ ਮਾਰਜ਼ਨ ਨੂੰ ਬਦਲ ਸਕਦੇ ਹਾਂ। ਅਸੀਂ ਹੇਠਾਂ ਦੱਸੇ ਅਨੁਸਾਰ ਪੇਜ ਲੇਅ-ਆਊਟ ਟੈਬ ਤੋਂ ਮਾਰਜ਼ਨ ਬਦਲ ਸਕਦੇ ਹਾਂ-

ਸਟੈਂਡਰਡ ਮਾਰਜ਼ਨ ਲਾਗੂ ਕਰਨਾ (Applying standard margin):

ਐੱਮ. ਐੱਸ. ਐਕਸਲ ਵਿੱਚ ਮਾਰਜ਼ਨ ਨਿਰਧਾਰਿਤ ਕਰਨ ਦਾ ਇਹ ਸਭ ਤੋਂ ਆਸਾਨ ਅਤੇ ਤੇਜ਼ ਤਰੀਕਾ ਹੈ। ਇਸ ਤਰੀਕੇ ਨਾਲ ਮਾਰਜ਼ਨ ਲਾਗੂ ਕਰਨ ਲਈ ਕੁਝ ਪਹਿਲਾਂ ਤੋਂ ਪ੍ਰਭਾਸ਼ਿਤ ਮਾਰਜ਼ਨ ਦੇ ਨਮੂਨੇ ਵਰਤੇ ਜਾਂਦੇ ਹਨ। ਅਸੀਂ ਇਸ ਮੰਤਵ ਲਈ ਪੇਜ ਲੇਅ-ਆਊਟ ਟੈਬ ਵਿੱਚ ਪੇਜ ਸੈੱਟਅੱਪ ਗਰੁੱਪ ਤੋਂ ਮਾਰਜਨ ਆਪਸ਼ਨ ਦੀ ਵਰਤੋਂ ਕਰ ਸਕਦੇ ਹਾਂ।



ਚਿੱਤਰ 6.2 Pre-defined Margins of MS Excel

ਅਸੀਂ ਉਪਰੋਕਤ ਚਿੱਤਰ ਵਿੱਚ ਕੁਝ ਮਾਰਜ਼ਨ ਦੇ ਨਮੂਨੇ ਵੇਖ ਸਕਦੇ ਹਾਂ–

(i) ਅੰਤਿਮ ਕਸਟਮ ਸੈਟਿੰਗ (Last Custom Setting) : ਅਸੀਂ ਮਾਰਜ਼ਨ ਮੀਨੂੰ ਦੇ ਹੇਠਾਂ ਦਿਖਾਈ ਦੇ ਰਹੀ "Custom Margins (ਕਸਟਮ ਮਾਰਜ਼ਨ)" ਆਪਸ਼ਨ ਦੀ ਵਰਤੋਂ ਕਰਕੇ ਐੱਮ. ਐੱਸ. ਐਕਸਲ ਵਿੱਚ ਮਾਰਜ਼ਨ ਲਈ ਕੋਈ ਵੀ ਆਪਣੀਆਂ ਲੋੜੀਂਦੀਆਂ ਮਾਰਜ਼ਨ ਨੂੰ ਲਾਗੂ ਕਰ ਸਕਦੇ ਹਾਂ। ਇੱਕ ਵਾਰ ਜਦੋਂ ਅਸੀਂ ਇਸ ਆਪਸ਼ਨ ਦੀ ਵਰਤੋਂ ਕਰਦੇ ਹੋਏ ਕੋਈ ਮਾਰਜ਼ਨ ਨਿਰਧਾਰਿਤ ਕਰ ਲੈਂਦੇ ਹਾਂ ਤਾਂ ਯੂਜ਼ਰ ਦੁਆਰਾ ਦਿੱਤੇ ਗਏ ਮਾਰਜ਼ਨ ਇਸ ਆਪਸ਼ਨ ਦੇ ਆਕਾਰ ਬਣ ਜਾਂਦੇ ਹਨ ਅਤੇ ਅਸੀਂ ਇਸ ਆਪਸ਼ਨ ਦੇ ਨਾਲ ਕਿਸੇ ਵੀ ਹੋਰ ਵਰਕਸ਼ੀਟ ਲਈ ਉਹੀ ਮਾਰਜ਼ਨ ਲਾਗੂ ਕਰ ਸਕਦੇ ਹਾਂ।

(ii) **ਨਾਰਮਲ** (Normal) : ਇਹ ਹਰੇਕ ਐੱਮ. ਐੱਸ. ਐਕਸਲ ਵਰਕਸ਼ੀਟ ਲਈ ਡਿਫਾਲਟ ਮਾਰਜ਼ਨ ਹੁੰਦੀ ਹੈ। ਇਸਦਾ ਉੱਪਰਲਾ ਅਤੇ ਹੇਠਲਾ ਮਾਰਜ਼ਨ 0.75 ਹੁੰਦਾ ਹੈ। ਇਸ ਟੈਂਪਲੇਟ ਵਿੱਚ ਖੱਬੇ ਅਤੇ ਸੱਜੇ ਮਾਰਜ਼ਨ ਲਈ 0.7 ਇੰਚ ਅਤੇ ਹੈੱਡਰ ਮਾਰਜ਼ਨ ਅਤੇ ਫੁੱਟਰ ਮਾਰਜ਼ਨ 0.3 ਇੰਚ ਮੁੱਲ ਦੇ ਰੂਪ ਵਿੱਚ ਪਹਿਲਾਂ ਤੋਂ ਪਰਿਭਾਸ਼ਤ ਹੁੰਦੇ ਹਨ।

(iii) **ਵਾਈਡ** (Wide) : ਇਹ ਐੱਮ. ਐੱਸ. ਐਕਸਲ ਵਰਕਸ਼ੀਟ ਦੀ ਮਾਰਜ਼ਨ ਲਈ ਸਭ ਤੋਂ ਵੱਡੇ ਆਕਾਰ ਦੀ ਮਾਰਜ਼ਨ ਦਾ ਟੈਂਪਲੇਟ ਹੁੰਦਾ ਹੈ। ਇਸ ਵਿੱਚ ਸਾਰੀਆਂ ਮਾਰਜ਼ਨ 1 ਇੰਚ ਦੇ ਰੂਪ ਵਿੱਚ ਪੂਰਵ-ਨਿਰਧਾਰਿਤ ਹੁੰਦੀਆਂ ਹਨ। ਪਰ ਹੈੱਡਰ ਮਾਰਜ਼ਨ ਅਤੇ ਫੁੱਟਰ ਮਾਰਜ਼ਨ ਲਈ 0.5 ਇੰਚ ਆਕਾਰ ਦੇ ਰੂਪ ਵਿੱਚ ਪਹਿਲਾਂ ਤੋਂ ਪਰਿਭਾਸ਼ਤ ਕੀਤਾ ਹੁੰਦਾ ਹੈ।

(iv) ਨੈਰੋ (Narrow) : ਇਹ ਐੱਮ. ਐੱਸ. ਐਕਸਲ ਵਿੱਚ ਸਭ ਤੋਂ ਛੋਟੇ ਆਕਾਰ ਦੀ ਮਾਰਜ਼ਨ ਵਾਲਾ ਟੈਂਪਲੇਟ ਹੁੰਦਾ ਹੈ। ਇਸਦਾ ਉਪਰਲਾ ਅਤੇ ਹੇਠਲਾ ਮਾਰਜ਼ਨ 0.75 ਇੰਚ ਹੁੰਦਾ ਹੈ। ਇਸ ਟੈਂਪਲੇਟ ਵਿੱਚ ਖੱਬੇ ਅਤੇ ਸੱਜੇ ਹਾਸ਼ੀਏ 0.25 ਇੰਚ ਅਤੇ ਹੈੱਡਰ/ਫੁੱਟਰ ਮਾਰਜ਼ਨ ਦਾ ਅਕਾਰ 0.3 ਇੰਚ ਦੇ ਰੂਪ ਵਿੱਚ ਪਹਿਲਾਂ ਤੋਂ ਪਰਿਭਾਸ਼ਤ ਹੁੰਦਾ ਹੈ।

ਇੱਕ ਵਾਰ ਜਦੋਂ ਅਸੀਂ ਇਹਨਾਂ ਵਿੱਚੋਂ ਕਿਸੇ ਵੀ ਆਪਸ਼ਨ ਤੇ ਕਲਿੱਕ ਕਰਦੇ ਹਾਂ ਤਾਂ ਮਾਰਜ਼ਨ ਲਈ ਚੁਣੇ ਹੋਏ ਸਾਇਜ਼ ਐੱਮ. ਐੱਸ. ਐਕਸਲ ਵਰਕਬੁੱਕ ਦੀ ਮੌਜੂਦਾ ਵਰਕਸ਼ੀਟ ਤੇ ਲਾਗੂ ਹੋ ਜਾਣਗੇ।

> **ਨੋਟ:** ਜੇ ਅਸੀਂ ਇੱਕ ਐੱਮ. ਐੱਸ. ਐਕਸਲ ਵਰਕਬੁੱਕ ਦੀਆਂ ਇੱਕ ਤੋਂ ਵੱਧ ਵਰਕਸ਼ੀਟਜ਼ ਵਿੱਚ ਕੰਮ ਕਰ ਰਹੇ ਹਾਂ ਤਾਂ ਸਾਨੂੰ ਹਰੇਕ ਸ਼ੀਟ ਲਈ ਮਾਰਜ਼ਨ ਸੈਟਿੰਗ ਨੂੰ ਲਾਗੂ ਕਰਨਾ ਪਵੇਗਾ।

6.1.2 ਓਰੀਐਂਟੇਸ਼ਨ (Orientation)

ਪੇਜ ਓਰੀਐਂਟੇਸ਼ਨ ਤੋਂ ਭਾਵ ਹੈ ਕਿ ਪੇਜ/ਪੇਜਾਂ ਤੇ ਆਉਟਪੁੱਟ ਨੂੰ ਕਿਵੇਂ ਪ੍ਰਿੰਟ ਕੀਤਾ ਜਾਣਾ ਹੈ। ਅਸੀਂ ਆਪਣੇ ਪੇਜ ਦੀ ਵਰਤੋਂ ਲੰਬੀ ਜਾਂ ਲੇਟਵੀਂ ਦੋਵੇਂ ਦਿਸ਼ਾ ਵਿੱਚ ਕਰ ਸਕਦੇ ਹਾਂ। ਐੱਮ. ਐੱਸ. ਐਕਸਲ ਸਾਡੇ ਪੇਜ ਲਈ ਦੋ ਓਰੀਐਂਟੇਸ਼ਨਾਂ ਪ੍ਰਦਾਨ ਕਰਦਾ ਹੈ। ਭਾਵ ਪੋਰਟਰੇਟ ਅਤੇ ਲੈਂਡਸਕੇਪ।

- **ਲੈਂਡਸਕੇਪ ਓਰੀਐਂਟੇਸ਼ਨ** (Landscape Orientation) : ਪੇਜ ਲੇਅ-ਆਉਟ ਦੀ ਆਪਸ਼ਨ ਉਸ ਸਮੇਂ ਬਹੁਤ ਉਪਯੋਗੀ ਹੁੰਦੀ ਹੈ ਜਦੋਂ ਸਾਡੇ ਕੋਲ ਆਪਣੀ ਵਰਕਸ਼ੀਟ ਦੇ ਜ਼ਿਆਦਾ ਕਾਲਮ ਪ੍ਰਿੰਟ ਕਰਨ ਲਈ ਹੋਣ।



ਪੋਰਟਰੇਟ (Portrait) **ਲੈਂਡਸਕੇਪ** (Landscape)

- **ਪੋਰਟਰੇਟ ਓਰੀਐਂਟੇਸ਼ਨ** (Portrait Orientation) : ਪੇਜ ਦੀ ਇਹ ਓਰੀਐਂਟੇਸ਼ਨ ਉਸ ਸਥਿਤੀ ਵਿੱਚ ਵਰਤੀ ਜਾਂਦੀ ਹੈ। ਜਦੋਂ ਸਾਡੇ ਕੋਲ ਆਪਣੀ ਵਰਕਸ਼ੀਟ ਦੀਆਂ ਜ਼ਿਆਦਾ ਰੋਅ ਪ੍ਰਿੰਟ ਕਰਨ ਲਈ ਹੋਣ ਅਤੇ ਪ੍ਰਿੰਟ ਯੋਗ ਕਾਲਮ ਘੱਟ ਹੋਣ।

ਅਸੀਂ ਐੱਮ. ਐੱਸ. ਐਕਸਲ ਦੀਆਂ ਇਹਨਾਂ ਆਪਸ਼ਨਜ਼ ਦੀ ਵਰਤੋਂ ਇਸ ਪ੍ਰਕਾਰ ਕਰ ਸਕਦੇ ਹਾਂ।

ਪੇਜ ਲੇਅ-ਆਊਟ ਟੈਬ ਰਿਬਨ ਦੀ ਵਰਤੋਂ ਕਰਕੇ ਪੇਜ ਓਰੀਐਂਟੇਸ਼ਨ ਬਦਲਣਾ (Changing Page Orientation from Page Layout Tab Ribbon) :

ਐੱਮ. ਐੱਸ. ਐਕਸਲ ਵਿੱਚ ਪੇਜ ਦੀ ਓਰੀਐਂਟੇਸ਼ਨ ਨਿਰਧਾਰਿਤ ਕਰਨ ਦਾ ਇਹ ਇੱਕ ਬਹੁਤ ਹੀ ਅਸਾਨ ਤਰੀਕਾ ਹੈ। ਐੱਮ. ਐੱਸ. ਐਕਸਲ ਵਿੱਚ ਪੇਜ ਦੀ ਓਰੀਐਂਟੇਸ਼ਨ ਨੂੰ ਬਦਲਣ ਲਈ ਅਸੀਂ ਪੇਜ ਲੇਅ-ਆਊਟ ਟੈਬ (Page Layout Tab) ਵਿੱਚ ਪੇਜ ਸੈਟਅੱਪ (Page Setup) ਗਰੁੱਪ ਤੋਂ ਓਰੀਐਂਟੇਸ਼ਨ ਆਪਸ਼ਨ ਦੀ ਵਰਤੋਂ ਕਰ ਸਕਦੇ ਹਾਂ। ਜਿਵੇਂ ਕਿ:



ਚਿੱਤਰ 6.3 ਐੱਮ. ਐੱਸ. ਐਕਸਲ ਦੀ ਪੇਜ ਓਰੀਐਂਟੇਸ਼ਨ ਆਪਸ਼ਨ

ਜਿਵੇਂ ਕਿ ਅਸੀਂ ਉਪਰੋਕਤ ਚਿੱਤਰ ਵਿੱਚ ਵੇਖ ਸਕਦੇ ਹਾਂ, ਓਰੀਐਂਟੇਸ਼ਨ ਆਪਸ਼ਨ ਦੀ ਚੋਣ ਕਰਨ ਤੋਂ ਬਾਅਦ ਦਿਖਾਈ ਦੇਣ ਵਾਲਾ ਮੀਨੂੰ ਪੋਰਟਰੇਟ ਅਤੇ ਲੈਂਡਸਕੇਪ ਵਿਕਲਪ ਦੋਵਾਂ ਨੂੰ ਪ੍ਰਦਰਸ਼ਿਤ ਕਰੇਗਾ। ਅਸੀਂ ਇਸ ਮੀਨੂੰ ਵਿੱਚੋਂ ਕੋਈ ਇੱਕ ਓਰੀਐਂਟੇਸ਼ਨ ਚੁਣ ਸਕਦੇ ਹਾਂ। ਵਰਤਮਾਨ ਵਿੱਚ ਚੁਣੀ ਗਈ ਓਰੀਐਂਟੇਸ਼ਨ ਮੀਨੂੰ ਵਿੱਚ ਪਹਿਲਾਂ ਹੀ ਹਾਈਲਾਈਟ (Highlight) ਕੀਤੀ ਪ੍ਰਦਰਸ਼ਿਤ ਕੀਤੀ ਜਾਏਗੀ।

6.1.3 ਪੇਜ ਦਾ ਆਕਾਰ (Size)

ਪੇਜ ਲੇਅ-ਆਊਟ ਟੈਬ ਦਾ ਸਾਇਜ਼ ਵਿਕਲਪ ਉਦੋਂ ਵਰਤਿਆ ਜਾਂਦਾ ਹੈ ਜਦੋਂ ਅਸੀਂ ਕਿਸੇ ਵਰਕਸ਼ੀਟ ਡਾਟਾ ਨੂੰ ਪੇਪਰ ਦੇ ਇੱਕ ਖਾਸ ਆਕਾਰ ਤੇ ਵਿਵਸਥਿਤ ਕਰਨਾ ਚਾਹੁੰਦੇ ਹਾਂ। ਡਾਟਾ ਦੀ ਮਾਤਰਾ ਅਤੇ ਸਾਡੀ ਸਮੱਗਰੀ ਦੇ ਢਾਂਚੇ ਦੇ ਆਕਾਰ ਦੇ ਅਧਾਰ ਤੇ ਅਸੀਂ ਵੱਖ ਵੱਖਰੇ ਆਕਾਰ ਜਿਵੇਂ ਕਿ ਲੈਟਰ (Letter), ਏ4 (A4), ਲੀਗਲ(Legal), ਵੱਖ-ਵੱਖਰੇ ਕਿਸਮ ਦੇ ਲਿਫਾਫੇ ਆਦਿ ਨੂੰ ਪੇਜ ਦੇ ਤੌਰ ਤੇ ਬਦਲ ਸਕਦੇ ਹਾਂ ਤਾਂ ਜੋ ਪੂਰੇ ਪੇਜ ਦੀ ਵਰਤੋਂ ਯੂਜ਼ਰ ਦੇ ਨਾਲ ਇੱਕ ਖਾਸ ਅਕਾਰ ਦੇ ਕਾਗਜ਼ ਤੇ ਸਾਡੀ ਪ੍ਰਿੰਟਿੰਗ ਕੀਤੀ ਜਾ ਸਕੇ। ਅਸੀਂ ਹੇਠ ਲਿਖੇ ਅਨੁਸਾਰ ਪੇਪਰ ਦਾ ਆਕਾਰ ਬਦਲ ਸਕਦੇ ਹਾਂ।

ਪੇਜ ਲੇਅ-ਆਊਟ ਟੈਬ ਦੀ ਮਦਦ ਨਾਲ ਪੇਜ ਸਾਇਜ਼ ਬਦਲਣਾ (Changing Size from Page Layout Tab Ribbon):

ਐੱਮ. ਐੱਸ. ਐਕਸਲ ਵਿੱਚ ਲੋੜੀਂਦੇ ਪੇਪਰ ਸਾਇਜ਼ ਦੀ ਚੋਣ ਕਰਨ ਦਾ ਇਹ ਤਰੀਕਾ ਬਹੁਤ ਤੇਜ਼ ਅਤੇ ਅਸਾਨ ਹੁੰਦਾ ਹੈ। ਅਸੀਂ ਐੱਮ. ਐੱਸ. ਐਕਸਲ ਵਿੱਚ ਪੇਜ ਦਾ ਸਾਇਜ਼ ਬਦਲਣ ਲਈ ਪੇਜ ਲੇਅ-ਆਊਟ ਟੈਬ ਵਿੱਚ ਪੇਜ ਸੈਟਅੱਪ ਗਰੁੱਪ ਦੇ Size ਸਾਇਜ਼) ਆਪਸ਼ਨ ਦੀ ਵਰਤੋਂ ਕਰ ਸਕਦੇ ਹਾਂ। ਇਹ ਐੱਮ. ਐੱਸ. ਐਕਸਲ ਵਿੱਚ ਉਪਲਬਧ ਪੇਪਰ ਸਾਈਜ਼ ਦੇ ਸਾਰੇ ਪੂਰਵ-ਪ੍ਰਭਾਸ਼ਿਤ ਵਿਕਲਪ ਪ੍ਰਦਰਸ਼ਿਤ ਕਰੇਗਾ। ਅਸੀਂ ਦਿੱਤੇ ਗਏ ਚਿੱਤਰ ਵਿੱਚ ਪੇਜ ਲੇਅ-ਆਊਟ ਟੈਬ ਤੋਂ ਸਾਇਜ਼ ਆਪਸ਼ਨ ਦੀ ਚੋਣ ਕਰਦੇ ਸਮੇਂ ਦਿਖਾਈ ਦੇਣ ਵਾਲਾ ਮੀਨੂੰ ਦੇਖ ਸਕਦੇ ਹਾਂ।



ਚਿੱਤਰ 6.4

ਜਿਵੇਂ ਕਿ ਅਸੀਂ ਦਿੱਤੇ ਚਿੱਤਰ ਵਿੱਚ ਵੇਖ ਸਕਦੇ ਹਾਂ, ਸਾਇਜ਼ ਆਪਸ਼ਨ ਦੀ ਚੋਣ ਕਰਨ ਤੋਂ ਬਾਅਦ ਦਿਖਾਈ ਦੇਣ ਵਾਲਾ ਮੀਨੂੰ ਪੇਪਰ ਦੇ ਸਾਇਜ਼ ਵਜੋਂ ਵਰਤੀਆਂ ਜਾਣ ਵਾਲੀਆਂ ਸਾਰੀਆਂ ਸਾਇਜ਼ ਆਪਸ਼ਨਜ ਪ੍ਰਦਰਸ਼ਿਤ ਕਰੇਗਾ। ਅਸੀਂ ਇਸ ਮੀਨੂੰ ਵਿੱਚੋਂ ਕੋਈ ਇੱਕ ਆਕਾਰ ਚੁਣ ਸਕਦੇ ਹਾਂ। ਮੌਜੂਦਾ ਚੁਣੇ ਹੋਏ ਪੇਜ ਦੇ ਆਕਾਰ ਨੂੰ ਮੀਨੂੰ ਵਿੱਚ ਪਹਿਲਾਂ ਹੀ ਹਾਈਲਾਈਟ (Highlight) ਪ੍ਰਦਰਸ਼ਿਤ ਕੀਤਾ ਜਾਵੇਗਾ।

6.1.4 ਪ੍ਰਿੰਟ ਏਰੀਆ (Print Area)

ਕਈ ਵਾਰ ਸਾਨੂੰ ਵਰਕਸ਼ੀਟ ਦੇ ਸਿਰਫ਼ ਇੱਕ ਖਾਸ ਹਿੱਸੇ ਦੀ ਪ੍ਰਿੰਟਿੰਗ ਦੀ ਲੋੜ ਹੋ ਸਕਦੀ ਹੈ। ਇਸ ਕਾਰਜ ਨੂੰ ਆਸਾਨੀ ਨਾਲ ਕਰਨ ਲਈ ਅਸੀਂ ਪੇਜ ਲੇਅ-ਆਊਟ ਟੈਬ ਦੇ Print Area (ਪ੍ਰਿੰਟ ਏਰੀਆ) ਆਪਸ਼ਨ ਦੀ ਵਰਤੋਂ ਕਰ ਸਕਦੇ ਹਾਂ। ਇੱਕ ਵਾਰ ਜਦੋਂ ਇੱਕ ਪ੍ਰਿੰਟ ਏਰੀਆ ਨਿਰਧਾਰਿਤ ਹੋ ਜਾਂਦਾ ਹੈ ਤਾਂ ਅਸੀਂ ਪ੍ਰਿੰਟ ਕੀਤਾ ਜਾਣ ਵਾਲਾ ਡਾਟਾ ਪ੍ਰਿੰਟ ਪ੍ਰੀਵਿਊ ਦੇ ਤੌਰ ਤੇ ਵੇਖ ਸਕਦੇ ਹਾਂ ਅਤੇ ਇਸਦੇ ਲੇਅ-ਆਊਟ ਨੂੰ ਪ੍ਰਿੰਟ ਮੀਨੂੰ ਦੀ ਸਹਾਇਤਾ ਨਾਲ ਬਦਲ ਸਕਦੇ ਹਾਂ।

ਪ੍ਰਿੰਟ ਏਰੀਆ ਸੈੱਟ ਕਰਨਾ (Set Print Area) :

ਐੱਸ. ਐੱਸ. ਐਕਸਲ ਦੇ ਪੇਜ ਲੇਅ-ਆਊਟ ਟੈਬ ਦੀ ਇਹ ਆਪਸ਼ਨ ਸਾਨੂੰ ਇੱਕ ਨਵੇਂ ਪ੍ਰਿੰਟ ਖੇਤਰ ਨੂੰ ਪਰਿਭਾਸ਼ਤ ਕਰਨ ਵਿੱਚ ਮਦਦ ਕਰੇਗੀ। ਅਸੀਂ ਦਿੱਤੇ ਗਏ ਕਦਮਾਂ ਦੀ ਪਾਲਣਾ ਕਰਕੇ ਆਪਣੇ ਚੁਣੇ ਹੋਏ ਖੇਤਰ ਨੂੰ ਪ੍ਰਿੰਟ ਏਰੀਆ ਵਜੋਂ ਨਿਰਧਾਰਿਤ ਕਰ ਸਕਦੇ ਹਾਂ।

- ਲੋੜੀਂਦੇ ਡਾਟੇ ਦੀ ਚੋਣ ਕਰੋ ਜਿਸ ਨੂੰ ਪ੍ਰਿੰਟ ਏਰੀਆ ਦੇ ਰੂਪ ਵਿੱਚ ਦਰਸਾਉਣਾ ਹੈ।
- ਪੇਜ ਲੇਅ-ਆਊਟ ਟੈਬ ਦੀ Print Area (ਪ੍ਰਿੰਟ ਏਰੀਆ) ਆਪਸ਼ਨ ਤੇ ਕਲਿੱਕ ਕਰੋ।
- ਇੱਕ ਡਰਾਪ ਡਾਊਨ ਮੀਨੂੰ ਦਿਖਾਈ ਦੇਵੇਗਾ। ਡਰਾਪ ਡਾਊਨ ਮੀਨੂੰ ਤੋਂ Set Print Area (ਸੈੱਟ ਪ੍ਰਿੰਟ ਏਰੀਆ) ਆਪਸ਼ਨ ਦੀ ਚੋਣ ਕਰੋ।

ਸਾਡੇ ਦੁਆਰਾ ਚੁਣੇ ਹੋਏ ਖੇਤਰ ਨੂੰ ਪ੍ਰਿੰਟ ਏਰੀਆ ਵਜੋਂ ਨਿਰਧਾਰਿਤ ਕਰ ਦਿੱਤਾ ਜਾਵੇਗਾ। File Tab (ਫਾਇਲ ਟੈਬ) ਦੀ Print (ਪ੍ਰਿੰਟ) ਆਪਸ਼ਨ ਦੀ ਚੋਣ ਕਰਨ ਤੋਂ ਬਾਅਦ ਦਿਖਾਈ ਦੇਣ ਵਾਲੇ ਪ੍ਰਿੰਟ ਪ੍ਰੀਵਿਊ ਦੀ ਵਰਤੋਂ ਕਰਦਿਆਂ ਅਸੀਂ ਵੇਖ ਸਕਦੇ ਹਾਂ ਕਿ ਸਾਡੀ ਪ੍ਰਿੰਟਿੰਗ ਕਿਵੇਂ ਦਿਖਾਈ ਦੇਵੇਗੀ।



ਚਿੱਤਰ 6.5 ਪ੍ਰਿੰਟ ਏਰੀਆ ਸੈੱਟ ਕਰਨਾ

ਜਿਵੇਂ ਕਿ ਅਸੀਂ ਪ੍ਰਿੰਟ ਪ੍ਰੀਵਿਊ ਆਪਸ਼ਨ ਵਿੱਚ ਵੇਖ ਸਕਦੇ ਹਾਂ, ਸਿਰਫ਼ ਚੁਣਿਆ ਗਿਆ ਹਿੱਸਾ ਜਾਂ ਵਰਕਸ਼ੀਟ ਜੋਂ ਪ੍ਰਿੰਟ ਏਰੀਆ ਦੇ ਤੌਰ ਤੇ ਸੈੱਟ ਕੀਤੀ ਗਈ ਹੈ, ਪ੍ਰਿੰਟਿੰਗ ਸਮੱਗਰੀ ਦੇ ਰੂਪ ਵਿੱਚ ਪ੍ਰਦਰਸ਼ਿਤ ਹੋ ਰਹੀ ਹੈ।

ਪ੍ਰਿੰਟ ਏਰੀਆ ਹਟਾਉਣਾ (Clearing Print Area) :

ਇੱਕ ਵਾਰ ਜਦੋਂ ਇੱਕ ਵਰਕਸ਼ੀਟ ਵਿੱਚ ਪ੍ਰਿੰਟ ਏਰੀਆ ਸੈੱਟ ਹੋ ਜਾਂਦਾ ਹੈ ਤਾਂ ਉਦੋਂ ਤੱਕ ਕੋਈ ਹੋਰ ਡਾਟਾ ਪ੍ਰਿੰਟ ਨਹੀਂ ਹੁੰਦਾ ਜਿੰਨੀ ਦੇਰ ਤੱਕ ਪ੍ਰਿੰਟ ਏਰੀਆ ਮੌਜੂਦ ਹੁੰਦਾ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਸਾਡੀ ਪੂਰੀ ਸ਼ੀਟ ਦੁਬਾਰਾ ਛਾਪੀ ਜਾਵੇ ਤਾਂ ਅਸੀਂ ਪੇਜ ਲੇਅ-ਆਊਟ ਟੈਬ ਦੇ ਪ੍ਰਿੰਟ ਏਰੀਆ ਦੇ ਉਸੇ ਮੀਨੂੰ ਦੇ ਕਲੀਅਰ ਪ੍ਰਿੰਟ ਏਰੀਆ ਦੇ ਉਸੇ ਮੀਨੂੰ ਦੇ ਕਲੀਅਰ ਪ੍ਰਿੰਟ ਏਰੀਆ ਆਪਸ਼ਨ ਦੀ ਵਰਤੋਂ ਕਰਦੇ ਹੋਏ ਕਿਸੇ ਵੀ ਮੌਜੂਦਾ ਪ੍ਰਿੰਟ ਏਰੀਆ ਨੂੰ ਹਟਾ ਕਰ ਸਕਦੇ ਹਾਂ।

ਨੋਟ: ਜੇ ਪ੍ਰਿੰਟ ਏਰੀਆ ਲਈ ਇੱਕ ਤੋਂ ਵੱਧ ਖੇਤਰ ਚੁਣੇ ਗਏ ਹਨ ਤਾਂ ਹਰੇਕ ਵੱਖਰੇ ਖੇਤਰ ਨੂੰ ਵੱਖਰੇ ਪ੍ਰਿੰਟ ਖੇਤਰ ਵਜੋਂ ਨਿਰਧਾਰਿਤ ਕੀਤਾ ਜਾਵੇਗਾ ਅਤੇ ਵੱਖਰੇ ਪੇਜ ਤੇ ਛਾਪਿਆ ਜਾਵੇਗਾ।

6.1.5 ਪੇਜ ਬ੍ਰੇਕ (Page Break)

ਪੇਜ ਲੇਅ-ਆਊਟ ਟੈਬ ਦੀ Page Break (ਪੇਜ ਬ੍ਰੇਕ) ਆਪਸ਼ਨ ਸਾਡੇ ਡਾਟਾ ਨੂੰ ਵੱਖੋ ਵੱਖਰੇ ਪੇਜਾਂ ਉੱਪਰ ਪ੍ਰਿੰਟ ਕਰਨ ਲਈ ਬਹੁਤ ਉਪਯੋਗੀ ਹੈ। ਅਸੀਂ ਕਈ ਵਾਰ ਪ੍ਰਿੰਟ ਏਰੀਆ ਅਤੇ ਪੇਜ ਬ੍ਰੇਕ ਨੂੰ ਸਮਾਨ ਆਪਸ਼ਨਜ ਦੇ ਰੂਪ ਵਿੱਚ ਵੇਖਦੇ ਹਾਂ ਪਰੰਤੂ ਇਹ ਦੋਵੇਂ ਆਪਸ਼ਨਜ ਸਮਾਨ ਨਹੀਂ ਹੁੰਦੀਆਂ। ਜਦੋਂ ਅਸੀਂ ਕਿਸੇ ਸਥਾਨ ਤੇ ਪੇਜ ਬ੍ਰੇਕ ਦਾਖਲ ਕਰਦੇ ਹਾਂ ਤਾਂ ਇਹ ਸਾਰੀ ਵਰਕਸ਼ੀਟ ਨੂੰ ਉਸ ਸਥਾਨ ਤੋਂ ਵੱਖਰੇ ਪੇਜ/ਪੇਜਾਂ ਦੇ ਰੂਪ ਵਿੱਚ ਵੰਡਦਾ ਹੈ। ਸਾਰਾ ਡਾਟਾ ਪ੍ਰਿੰਟ ਹੋਣ ਯੋਗ ਰਹਿੰਦਾ ਹੈ ਪਰੰਤੂ ਵੱਖਰੇ ਪੰਨਿਆਂ ਤੇ ਪ੍ਰਿੰਟ ਹੁੰਦਾ ਹੈ। ਦੂਜੇ ਪਾਸੇ ਪ੍ਰਿੰਟ ਏਰੀਆ ਸਿਰਫ਼ ਵਰਕਸ਼ੀਟ ਦੇ ਚੁਣੇ ਹੋਏ ਹਿੱਸੇ ਨੂੰ ਪ੍ਰਿੰਟ ਕਰਦਾ ਹੈ ਅਤੇ ਹੋਰ ਸਾਰੀ ਸਮੱਗਰੀ ਪ੍ਰਿੰਟ ਹੋਣ ਤੋਂ ਛੱਡ ਦਿੱਤੀ ਜਾਂਦੀ ਹੈ।

ਪੇਜ ਬ੍ਰੇਕ ਹਮੇਸ਼ਾਂ ਐਕਟਿਵ ਸੈੱਲ ਦੇ ਉੱਪਰਲੇ-ਖੱਬੇ ਕੋਨੇ ਤੇ ਦਾਖ਼ਲ ਹੁੰਦਾ ਹੈ। ਅਸੀਂ ਹੇਠਾਂ ਦਿੱਤੇ ਕਦਮਾਂ ਦੀ ਵਰਤੋਂ ਕਰਕੇ ਇੱਕ ਪੇਜ ਬ੍ਰੇਕ ਸ਼ਾਮਿਲ ਕਰ ਸਕਦੇ ਹਾਂ।

- ਐਕਟਿਵ ਸੈੱਲ ਨੂੰ ਦਾਖਲ ਕੀਤੇ ਜਾਣ ਵਾਲੇ ਪੇਜ ਬ੍ਰੇਕ ਅਨੁਸਾਰ ਲੋੜੀਂਦੀ ਜਗ੍ਹਾ ਤੇ ਰੱਖੋ।
- ਪੇਜ ਲੇਅ-ਆਊਟ ਟੈਬ ਤੋਂ Breaks (ਬ੍ਰੇਕਸ) ਆਪਸ਼ਨ ਤੇ ਕਲਿੱਕ ਕਰੋ।
- ਮੀਨੂੰ ਵਿੱਚੋਂ "Insert Page Break (ਇਨਸਰਟ ਪੇਜ ਬ੍ਰੇਕ) ਦੀ ਚੋਣ ਕਰੋ।

ਇਹਨਾਂ ਕਦਮਾਂ ਤੋਂ ਬਾਅਦ ਅਸੀਂ ਪ੍ਰਿੰਟ ਪ੍ਰੀਵਿਊ ਆਪਸ਼ਨ ਵਿੱਚ ਪੇਜ ਬ੍ਰੇਕ ਵੇਖ ਸਕਦੇ ਹਾਂ।



ਚਿੱਤਰ 6.6 ਪੇਜ ਬ੍ਰੇਕ ਦਾਖਲ ਕਰਨਾ

ਅਸੀਂ ਪ੍ਰਿੰਟ ਪ੍ਰੀਵਿਊ ਆਪਸ਼ਨ ਵਿੱਚ ਵੇਖ ਸਕਦੇ ਹਾਂ ਕਿ ਸਾਡੇ ਡਾਟਾ ਨੂੰ 4 ਪੇਜਾਂ ਵਿੱਚ ਵੰਡਿਆ ਗਿਆ ਹੈ ਅਤੇ ਪਹਿਲੇ ਪੇਜ ਦੀ ਸਮਗੱਰੀ ਪ੍ਰਿੰਟ ਪ੍ਰੀਵਿਊ ਵਿੱਚ ਪ੍ਰਦਰਸਿਤ ਹੋ ਰਹੀ ਹੈ। ਮੌਜੂਦਾ ਪੇਜ ਬ੍ਰੇਕ ਤੇ ਸਾਡੇ ਐਕਟਿਵ ਸੈੱਲ ਨੂੰ ਰੱਖਣ ਦੇ ਬਾਅਦ ਅਸੀਂ ਪੇਜ ਲੇਅ-ਆਊਟ ਟੈਬ ਦੀ Break (ਬ੍ਰੇਕ) ਆਪਸ਼ਨ ਕੇ ਕਲਿੱਕ ਕਰਨ ਉਪਰੰਤ ਦਿਖਾਈ ਦੇਣ ਵਾਲੇ ਮੀਨੂੰ ਵਿੱਚੋਂ "Remove Page Break (ਰਿਮੂਵ ਪੇਜ ਬ੍ਰੇਕ)" ਆਪਸ਼ਨ ਦੀ ਸਹਾਇਤਾ ਨਾਲ ਮੌਜੂਦਾ ਪੇਜ ਬ੍ਰੇਕ ਹਟਾ ਸਕਦੇ ਹਾਂ।

ਨੋਟ: ਜੇਕਰ ਅਸੀਂ ਕਿਸੇ ਵਰਕਸ਼ੀਟ ਵਿੱਚ ਮੌਜੂਦ ਸਾਰੇ ਪੇਜ ਬ੍ਰੇਕਸ ਨੂੰ ਹਟਾਉਣਾ ਚਾਹੁੰਦੇ ਹਾਂ ਤਾਂ ਅਸੀਂ ਪੇਜਲੇਅ-ਆਊਟ ਟੈਬਦੇ ਬ੍ਰੇਕ ਵਿਕਲਪ ਤੇ ਕਲਿੱਕ ਕਰਨ ਤੋਂ ਬਾਅਦ ਦਿਖਾਈ ਦੇਣ ਵਾਲੇ ਮੀਨੂੰ ਦੀ "Reset All Page Break (ਰਿਸੈੱਟ ਆਲ ਪੇਜ ਬ੍ਰੇਕ)" ਆਪਸ਼ਨ ਦੀ ਵਰਤੋਂ ਕਰ ਸਕਦੇ ਹਾਂ।

6.1.6 ਸਕੇਲਿੰਗ (Scaling)

ਸਕੇਲਿੰਗ ਤੋਂ ਭਾਵ ਹੈ ਕਿ ਅਸੀਂ ਵਿਸ਼ੇਸ਼ ਕਾਗਜ਼ ਦੇ ਆਕਾਰ ਤੇ ਪ੍ਰਿੰਟ ਕੀਤੇ ਜਾਣ ਵਾਲੇ ਡਾਟਾ ਦਾ ਆਕਾਰ ਵੱਡਾ ਜਾਂ ਛੋਟਾ ਕਰ ਸਕਦੇ ਹਾਂ। ਇਹ ਆਪਸ਼ਨ ਉਸ ਸਮੇਂ ਬਹੁਤ ਉਪਯੋਗੀ ਹੁੰਦੀ ਹੈ ਜਦੋਂ ਸਾਡੇ ਕੋਲ ਪ੍ਰਿੰਟ ਕੀਤੇ ਜਾਣ ਵਾਲਾ ਡਾਟਾ ਇੱਕ ਜਾਂ ਵਧੇਰੇ ਪੰਨਿਆਂ ਜਿੰਨਾ ਵੱਡਾ ਹੁੰਦਾ ਹੈ ਅਤੇ ਉਸਨੂੰ ਇੱਕ ਵਰਕਸ਼ੀਟ ਉੱਪਰ ਸੈੱਟ ਕਰਨਾ ਹੁੰਦਾ ਹੈ। ਅਸੀਂ ਇਸਦੇ ਉਲਟ ਵੀ ਕਰ ਸਕਦੇ ਹਾਂ। ਭਾਵ ਇੱਕ ਛੋਟੇ ਡਾਟਾ ਨੂੰ ਵੱਡੇ ਪੇਜ ਉੱਪਰ ਫੈਲਾਉਣਾ ਹੋਵੇ। ਅਸੀਂ ਇਸ ਆਪਸ਼ਨ ਦੀ ਵਰਤੋਂ ਪ੍ਰਿੰਟ ਪ੍ਰੀਵਿਊ ਆਪਸ਼ਨ ਦੀ ਵਰਤੋਂ ਕਰਦਿਆਂ ਕਰ ਸਕਦੇ ਹਾਂ।

ਪ੍ਰਿੰਟ ਪ੍ਰੀਵਿਊ ਆਪਸ਼ਨ ਦੀ ਵਰਤੋਂ ਕਰਦੇ ਹੋਏ ਸਕੇਲਿੰਗ ਸੈੱਟ ਕਰਨਾ (Setting Scaling using Print Preview option)

ਜਦੋਂ ਸਾਨੂੰ ਆਪਣਾ ਸਾਰਾ ਡਾਟਾ ਕਿਸੇ ਇੱਕ ਪੇਜ ਤੇ ਜਾਂ ਇੱਕ ਪਾਸਾ ਜਿਵੇਂ ਸਾਰੀਆਂ ਰੋਅਜ਼ ਜਾਂ ਸਾਰੇ ਕਾਲਮਜ਼ ਅਨੁਸਾਰ ਇੱਕ ਪੇਜ ਤੇ ਸੈੱਟ ਕਰਨਾ ਹੁੰਦਾ ਹੈ ਤਾਂ ਇਹ ਆਪਸ਼ਨ ਬਹੁਤ ਅਸਾਨ ਹੁੰਦੀ ਹੈ। ਅਸੀਂ ਇਸ ਆਪਸ਼ਨ ਦੀ ਵਰਤੋਂ ਪ੍ਰਿੰਟ ਪ੍ਰੀਵਿਊ ਮੀਨੂੰ ਦੀ ਆਖਰੀ ਕਮਾਂਡ ਦੇ ਰੂਪ ਵਿੱਚ ਪ੍ਰਦਰਸ਼ਿਤ ਕਰਦੇ ਹੋਏ ਸਕੇਲਿੰਗ ਤੇ ਕਲਿੱਕ ਕਰਕੇ ਕਰ ਸਕਦੇ ਹਾਂ। ਜਿਵੇਂ ਕਿ-



ਚਿੱਤਰ 6.7 ਪ੍ਰਿੰਟ ਪ੍ਰੀਵਿਊ ਦੀ ਵਰਤੋਂ ਕਰਕੇ ਸਕੇਲਿੰਗ ਸੈੱਟ ਕਰਨਾ

ਜਿਵੇਂ ਕਿ ਅਸੀਂ ਚਿੱਤਰ ਵਿੱਚ ਦੇਖ ਸਕਦੇ ਹਾਂ, ਇਸ ਕਮਾਂਡ ਦੀ ਵਰਤੋਂ ਦੀਆਂ ਕਈ ਆਪਸ਼ਨਜ਼ ਹੁੰਦੀਆਂ ਹਨ।

1. Fit Sheet on One Page (ਇੱਕ ਪੇਜ ਤੇ ਪੂਰੀ ਸ਼ੀਟ ਫਿੱਟ ਕਰਨਾ) : ਇੱਕ ਪੇਜ ਤੇ ਸਾਰੀ ਵਰਕਸ਼ੀਟ ਨੂੰ ਸਕੇਲ ਕਰਨ ਲਈ ਇਹ ਆਪਸ਼ਨ ਵਰਤੀ ਜਾਂਦੀ ਹੈ। ਇਹ ਸਕੇਲਿੰਗ ਪ੍ਰਤੀਸ਼ਤਤਾ ਨੂੰ ਆਪਣੇ ਆਪ ਘਟਾ ਦੇਵੇਗਾ ਜਿੰਨਾ ਸਾਡੇ ਡਾਟਾ ਨੂੰ ਇੱਕ ਪੇਜ ਤੇ ਫਿੱਟ ਕਰਨ ਲਈ ਲੋੜੀਂਦਾ ਹੋਵੇ।

2. Fit All Columns on One Page (ਸਾਰੇ ਕਾਲਮਜ਼ ਨੂੰ ਇੱਕ ਪੇਜ ਤੇ ਫਿੱਟ ਕਰਨਾ) : ਸਕੇਲਿੰਗ ਦੀ ਇਹ ਆਪਸ਼ਨ ਇੱਕ ਸ਼ੀਟ ਦੇ ਸਾਰੇ ਕਾਲਮਜ਼ ਨੂੰ ਇੱਕ ਪੇਜ ਤੇ ਪੂਰਨ ਤੌਰ ਤੇ ਫਿੱਟ ਕਰਨ ਲਈ ਜਰੂਰੀ ਹੋਵੇ। ਡਾਟਾ ਦੀ ਲੰਬਾਈ ਦੇ ਅਨੁਸਾਰ ਇਸ ਨੂੰ ਕਿੰਨੇ ਵੀ ਪੇਜਾਂ ਤੇ ਸੈੱਟ ਕੀਤਾ ਜਾਵੇਗਾ ਜੋ ਕਿ ਇੱਕ ਤੋਂ ਵੱਧ ਵੀ ਹੋ ਸਕਦੇ ਹਨ।

3. Fit All Rows on One Page (ਸਾਰੀਆਂ ਰੋਅਜ਼ ਨੂੰ ਇੱਕ ਪੇਜ ਤੇ ਫਿੱਟ ਕਰਨਾ): ਸਕੇਲਿੰਗ ਦੀ ਇਹ ਆਪਸ਼ਨ ਇੱਕ ਪੇਜ ਤੇ ਸਾਰੀਆਂ ਰੋਅਜ਼ ਨੂੰ ਫਿੱਟ ਕਰ ਦੇਵੇਗੀ। ਇਹ ਸਕੇਲਿੰਗ ਪ੍ਰਤੀਸ਼ਤਤਾ ਨੂੰ ਘੱਟ ਕਰੇਗੀ ਜਿੰਨਾ ਕਿ ਸਾਰਾ ਡਾਟਾ ਰੋਅਜ਼ ਦੇ ਅਨੁਸਾਰ ਇੱਕ ਪੇਜ ਤੇ ਫਿੱਟ ਹੋ ਜਾਵੇ। ਸਮੱਗਰੀ ਦੀ ਚੌੜਾਈ ਕਿੰਨੇ ਵੀ ਪੇਜਾਂ ਤੇ ਸੈੱਟ ਕੀਤੀ ਜਾਵੇਗੀ ਜੋ ਕਿ ਇੱਕ ਤੋਂ ਵੱਧ ਵੀ ਹੋ ਸਕਦੇ ਹਨ।

4. No Scaling (ਕੋਈ ਸਕੇਲਿੰਗ ਨਹੀਂ): ਸਕੇਲਿੰਗ ਦੀ ਇਹ ਆਪਸ਼ਨ ਮੌਜੂਦਾ ਸਕੇਲਿੰਗ ਨੂੰ 100% ਤੇ ਰੀਸੈੱਟ ਕਰ ਦੇਵੇਗੀ। ਅਸੀਂ ਸਕੇਲਿੰਗ ਦੀ ਲੋੜੀਂਦੀ ਆਪਸ਼ਨ ਦੀ ਚੋਣ ਕਰ ਸਕਦੇ ਹਾਂ ਅਤੇ ਇਸਦੇ ਅਨੁਸਾਰ ਪ੍ਰਿੰਟ ਪ੍ਰੀਵਿਊ ਨੂੰ ਅਪਡੇਟ ਵੀ ਕਰਕੇ ਵਿਖਾਇਆ ਜਾਵੇਗਾ।

6.1.7 ਹੈੱਡਰ ਅਤੇ ਫੁੱਟਰ ਸੈੱਟ ਕਰਨਾ (Setting Header and Footer): ਉਸ ਸਥਿਤੀ ਵਿੱਚ ਜਦੋਂ ਸਾਨੂੰ ਹਰੇਕ ਪੇਜ ਦੇ ਉੱਪਰ ਹੇਠਾਂ ਕੋਈ ਖਾਸ ਟੈਕਸਟ ਸ਼ਾਮਿਲ ਕਰਨ ਦੀ ਜ਼ਰੂਰਤ ਹੁੰਦੀ ਹੈ ਤਾਂ ਅਸੀਂ ਐੱਮ. ਐੱਸ. ਐਕਸਲ ਦੀ ਇਸ ਆਪਸ਼ਨ ਦੀ ਵਰਤੋਂ ਕਰ ਸਕਦੇ ਹਾਂ। ਇਹ ਆਪਸ਼ਨ ਕਿਸੇ ਵੀ ਮਹੱਤਵਪੂਰਣ ਜਾਣਕਾਰੀ ਜਿਵੇਂ ਪੇਜ ਨੰਬਰ, ਫਾਇਲ ਦਾ ਨਾਂ ਜਾਂ ਕੋਈ ਹੋਰ ਪਸੰਦੀਦਾ ਸੰਦੇਸ਼ ਸ਼ਾਮਿਲ ਕਰਨ ਲਈ ਬਹੁਤ ਉਪਯੋਗੀ ਹੈ। ਅਸੀਂ ਪੇਜ ਸੈੱਟਅੱਪ ਡਾਇਲਾਗ ਬਾਕਸ ਤੋਂ ਇਸ ਆਪਸ਼ਨ ਦੀ ਵਰਤੋਂ ਕਰ ਸਕਦੇ ਹਾਂ। ਇਸ ਡਾਇਲਾਗ ਬਾਕਸ ਵਿੱਚ ਸਾਨੂੰ ਹੈੱਡਰ/ਫੁੱਟਰ ਟੈਬ ਮੁਹੱਈਆ ਹੁੰਦਾ ਹੈ ਜੋ ਸਾਨੂੰ ਲੋੜੀਂਦਾ ਹੈੱਡਰ ਜਾਂ ਫੁੱਟਰ ਨਿਰਧਾਰਿਤ ਕਰਨ ਦੀ ਆਗਿਆ ਦਿੰਦਾ ਹੈ। ਅਸੀਂ ਇਸ ਆਪਸ਼ਨ ਦੀ ਵਰਤੋਂ ਹੇਠ ਲਿਖੇ ਅਨੁਸਾਰ ਕਰ ਸਕਦੇ ਹਾਂ।

ਚਿੱਤਰ 6.8 ਹੈੱਡਰ/ਫੁੱਟਰ ਸੈੱਟ ਕਰਨਾ

ਪੇਜ ਸੈੱਟਅੱਪ ਡਾਇਲਾਗ ਬਾਕਸ ਵਿੱਚ ਅਸੀਂ ਕ੍ਰਮਵਾਰ ਉੱਪਰ ਜਾਂ ਹੇਠਾਂ ਦਰਸਾਏ ਜਾਣ ਵਾਲੇ ਇੱਕ ਕਸਟਮ ਸੰਦੇਸ਼ ਸ਼ਾਮਿਲ ਕਰਨ ਲਈ ਕਸਟਮ ਹੈੱਡਰ ਜਾਂ ਕਸਟਮ ਫੁੱਟਰ ਬਟਨਾਂ ਦੀ ਵਰਤੋਂ ਕਰ ਸਕਦੇ ਹਾਂ। ਕਿਸੇ ਵੀ ਬਟਨ ਤੇ ਕਲਿੱਕ ਕਰਨ ਤੇ ਸੰਬੰਧਿਤ ਹੈੱਡਰ/ਫੁੱਟਰ ਡਾਇਲਾਗ ਬਾਕਸ ਖੁੱਲ੍ਹ ਜਾਵੇਗਾ। ਇਹ ਤਿੰਨ ਭਾਗਾਂ ਨੂੰ ਖੱਬੇ, ਕੇਂਦਰ ਜਾਂ ਸੱਜੇ ਭਾਗ

ਵਜੋਂ ਪ੍ਰਦਰਸ਼ਿਤ ਕਰੇਗਾ। ਅਸੀਂ ਇਹਨਾਂ ਵਿੱਚੋਂ ਕਿਸੇ ਵੀ ਵਿਕਲਪ ਦੇ ਅਨੁਸਾਰ ਅਲਾਇਨ ਹੋਣ ਲਈ ਟੈਕਸਟ/ਡਾਟਾ ਸ਼ਾਮਿਲ ਕਰ ਸਕਦੇ ਹਾਂ। ਇਸ ਵਿੱਚ ਹੋਰ ਵਿਕਲਪ ਵੀ ਮੌਜੂਦ ਹੁੰਦੇ ਹਨ ਜਿਵੇਂ ਪੇਜ ਨੰਬਰ ਸ਼ਾਮਿਲ ਕਰਨਾ, ਕੁੱਲ ਪੇਜਾਂ ਦੀ ਸੰਖਿਆ, ਮਿਤੀ ਸ਼ਾਮਿਲ ਕਰਨਾ, ਸਮਾਂ ਸ਼ਾਮਿਲ ਕਰਨਾ, ਫਾਇਲ ਦਾ ਨਾਂ ਸ਼ਾਮਿਲ ਕਰਨਾ, ਚਿੱਤਰ ਸ਼ਾਮਿਲ ਕਰਨਾ ਆਦਿ। ਅਸੀਂ ਇਹਨਾਂ ਵਿੱਚੋਂ ਕੋਈ ਵੀ ਆਪਸ਼ਨ ਹੈੱਡਰ ਜਾਂ ਫੁੱਟਰ ਦੇ ਰੂਪ ਵਿੱਚ ਜੋੜ ਸਕਦੇ ਹਾਂ।



ਚਿੱਤਰ 6.9 ਪਹਿਲਾਂ ਤੋਂ ਨਿਰਧਾਰਿਤ ਹੈੱਡਰ/ਫੁੱਟਰ ਚੁਣਨਾ

ਹੈੱਡਰ ਜਾਂ ਫੁੱਟਰ ਦੇ ਤੌਰ ਤੇ ਵਰਤਨ ਲਈ ਇੱਕ ਹੋਰ ਆਪਸ਼ਨ ਪਹਿਲਾਂ ਤੋਂ ਨਿਰਧਾਰਿਤ ਹੈੱਡਰ/ਫੁਟਰ ਟੈਪਲੇਂਟ ਰਾਹੀਂ ਅਸੀਂ ਲਿਸਟ ਵਿੱਚੋਂ ਕਿਸੇ ਵੀ ਹੈੱਡਰ/ਫੁੱਟਰ ਨੂੰ ਲਾਗੂ ਕਰ ਸਕਦੇ ਹਾਂ। ਅਸੀਂ ਹੈੱਡਰ ਜਾਂ ਫੁੱਟਰ ਨੂੰ ਅਸਾਨੀ ਨਾਲ ਲਾਗੂ ਕਰਨ ਲਈ ਲੋੜੀਂਦੇ ਟੈਂਪਲੇਟ ਦੀ ਚੋਣ ਕਰ ਸਕਦੇ ਹਾਂ।

ਜਦੋਂ ਅਸੀਂ ਹੈੱਡਰ/ਫੁੱਟਰ ਦੀਆਂ ਸਾਰੀਆਂ ਆਪਸ਼ਨਜ ਸੈੱਟ ਕਰ ਚੁੱਕੇ ਹੁੰਦੇ ਹਾਂ ਤਾਂ ਅਸੀਂ OK (ਓਕੇ) ਬਟਨ ਤੇ ਕਲਿੱਕ ਕਰਕੇ ਹੈੱਡਰ ਜਾਂ ਫੁੱਟਰ ਨੂੰ ਲਾਗੂ ਕਰ ਸਕਦੇ ਹਾਂ।

6.1.8 ਪ੍ਰਿੰਟ ਪ੍ਰੀਵਿਊ ਵਿੰਡੋ ਦੀ ਵਰਤੋਂ ਕਰਕੇ ਪੇਜ ਲੇਅ-ਆਊਟ ਸੈੱਟ ਕਰਨਾ (Setting Page Layout using Print Preview Window)

ਪੇਜ ਲੇਅ-ਆਊਟ ਸੈਟਿੰਗਜ਼ ਨੂੰ ਪ੍ਰਿੰਟ ਪ੍ਰੀਵਿਊ ਵਿੰਡੋ ਰਾਹੀਂ ਵੀ ਬਦਲਿਆ ਜਾ ਸਕਦਾ ਹੈ। ਅਸੀਂ ਇਸ ਵਿੰਡੋ ਤੋਂ ਲਗਭਗ ਸਾਰੀਆਂ ਸੈਟਿੰਗਜ਼ ਨੂੰ ਬਦਲ ਸਕਦੇ ਹਾਂ। ਜਦੋਂ ਅਸੀਂ ਫਾਇਲ ਟੈਬ ਤੋਂ ਪ੍ਰਿੰਟ ਆਪਸ਼ਨ ਦੀ ਚੋਣ ਕਰਦੇ ਹਾਂ ਤਾਂ ਹੇਠਲੀ ਵਿੰਡੋਜ਼ ਦਿਖਾਈ ਦਿੰਦੀ ਹੈ ਜੋ ਪ੍ਰਿੰਟ ਪ੍ਰੀਵਿਊ ਨੂੰ ਵੀ ਪ੍ਰਦਰਸ਼ਿਤ ਕਰਦੀ ਹੈ।



ਚਿੱਤਰ 6.10 ਪ੍ਰਿੰਟ ਪ੍ਰੀਵਿਊ ਦੀ ਵਰਤੋਂ ਕਰਦੇ ਹੋਏ ਮਾਰਜ਼ਨ ਸੈੱਟ ਕਰਨਾ

- **ਓਰੀਐਂਟੇਸ਼ਨ (Orientation) :** ਜਦੋਂ ਅਸੀਂ ਪ੍ਰਿੰਟ ਕਰਨ ਜਾ ਰਹੇ ਹੁੰਦੇ ਹਾਂ ਜਾਂ ਆਪਣੀ ਵਰਕਸ਼ੀਟ ਦਾ ਪ੍ਰਿੰਟ ਪ੍ਰੀਵਿਊ ਵੇਖਦੇ ਹਾਂ ਤਾਂ ਅਸੀਂ ਪੇਜ ਦੀ ਸਥਿਤੀ ਬਦਲ ਸਕਦੇ ਹਾਂ। ਇਸ ਤਰੀਕੇ ਨਾਲ ਪੇਜ ਮਾਰਜ਼ਨ ਸੈੱਟ ਕਰਨ ਲਈ ਜਦੋਂ ਅਸੀਂ ਫਾਇਲ ਮੀਨੂੰ ਦੀ ਪ੍ਰਿੰਟ ਆਪਸ਼ਨ ਤੇ ਜਾਂਦੇ ਹਾਂ ਤਾਂ ਅਸੀਂ ਪ੍ਰਦਰਸ਼ਿਤ ਪ੍ਰਿੰਟ ਪ੍ਰੀਵਿਊ ਆਪਸ਼ਨ ਦੀ ਵਰਤੋਂ ਕਰ ਸਕਦੇ ਹਾਂ। ਅਸੀਂ ਪੇਪਰ ਸਾਈਜ਼ ਆਪਸ਼ਨ ਦੇ ਸਭ ਤੋਂ ਉੱਪਰ ਪੇਜ ਓਰੀਐਂਟੇਸ਼ਨ ਆਪਸ਼ਨ ਵੇਖ ਸਕਦੇ ਹਾਂ। ਜਦੋਂ ਅਸੀਂ ਇਸ ਆਪਸ਼ਨ ਤੇ ਕਲਿੱਕ ਕਰਦੇ ਹਾਂ ਤਾਂ ਪੋਰਟਰੇਟ (Portrait) ਅਤੇ ਲੈਂਡਸਕੇਪ (Landscape) ਦੋਵੇਂ ਵਿਕਲਪ ਪ੍ਰਦਰਸ਼ਿਤ ਹੋਣਗੇ। ਅਸੀਂ ਲੋੜੀਂਦੀਆਂ ਆਪਸ਼ਨਜ਼ ਨੂੰ ਬਦਲ ਸਕਦੇ ਹਾਂ ਅਤੇ ਬਦਲੀ ਹੋਈ ਪੇਜ ਲੇਅ-ਆਊਟ ਸੈਟਿੰਗ ਉਸੇ ਸਕਰੀਨ ਤੇ ਪ੍ਰਦਰਸ਼ਿਤ ਪ੍ਰਿੰਟ ਪ੍ਰੀਵਿਊ ਵਿੱਚ ਦਿਖਾਈ ਦੇਵੇਗੀ।
- **ਸਾਇਜ਼** (Size) : ਜਦੋਂ ਅਸੀਂ ਸਪਰੈੱਡਸ਼ੀਟ ਬਣਾਉਣਾ ਖਤਮ ਕਰ ਲੈਂਦੇ ਹਾਂ ਅਤੇ ਇਸਦਾ ਪ੍ਰਿੰਟ ਪ੍ਰੀਵਿਊ ਦੇਖਦੇ ਹਾਂ ਤਾਂ ਅਸੀਂ ਪੇਜ ਦਾ ਆਕਾਰ ਵੀ ਬਦਲ ਸਕਦੇ ਹਾਂ। ਅਸੀਂ ਮਾਰਜ਼ਨ ਆਪਸ਼ਨ ਦੇ ਬਿਲਕੁਲ ਉੱਪਰ ਪੇਪਰ ਦੇ ਆਕਾਰ ਦੀ ਆਪਸ਼ਨ ਦੇਖ ਸਕਦੇ ਹਾਂ। ਜਦੋਂ ਅਸੀਂ ਇਸ ਆਪਸ਼ਨ ਤੇ ਕਲਿੱਕ ਕਰਦੇ ਹਾਂ ਤਾਂ ਪੇਪਰ ਦੇ ਸਾਰੇ ਆਕਾਰ ਪ੍ਰਦਰਸ਼ਿਤ ਹੋਣਗੇ। ਅਸੀਂ ਲੋੜ ਅਨੁਸਾਰ ਕੋਈ ਵੀ ਆਪਸ਼ਨ ਬਦਲ ਸਕਦੇ ਹਾਂ ਅਤੇ ਬਦਲਿਆ ਹੋਇਆ ਕਾਗਜ਼ ਦਾ ਆਕਾਰ ਉਸੇ ਸਕਰੀਨ ਤੇ ਦਿਖਾਈ ਦੇਣ ਵਾਲੀ ਪ੍ਰਿੰਟ ਪ੍ਰੀਵਿਊ ਵਿੰਡੋ ਵਿੱਚ ਦਿਖਾਇਆ ਜਾਵੇਗਾ।
- **ਮਾਰਜ਼ਨ** (Margin) : ਕਈ ਵਾਰ ਸਾਨੂੰ ਮਾਊਸ ਦੀ ਮਦਦ ਨਾਲ ਹਾਸ਼ੀਏ ਨੂੰ ਵਿਵਸਥਿਤ ਕਰਨ ਦੀ ਲੋੜ ਹੋ ਸਕਦੀ ਹੈ। ਐੱਮ. ਐੱਸ. ਐਕਸਲ ਵਿੱਚ ਮਾਰਜ਼ਨ ਸੈੱਟ ਕਰਨ ਦੇ ਇਸ ਤਰੀਕੇ ਨੂੰ ਲਾਗੂ ਕਰਨ ਲਈ ਜਦੋਂ ਅਸੀਂ ਫਾਇਲ ਮੀਨੂੰ ਨੂੰ ਪ੍ਰਿੰਟ ਆਪਸ਼ਨ ਦੀ ਵਰਤੋਂ ਕਰਦੇ ਹਾਂ ਤਾਂ ਅਸੀਂ ਪ੍ਰਦਰਸ਼ਿਤ ਪ੍ਰਿੰਟ ਪ੍ਰੀਵਿਊ ਵਿਕਲਪ ਦੀ ਵਰਤੋਂ ਕਰ ਸਕਦੇ ਹਾਂ। ਅਸੀਂ ਪ੍ਰਿੰਟ ਆਪਸ਼ਨ ਦੀ ਇਸ ਪ੍ਰਿੰਟ ਪ੍ਰੀਵਿਊ ਵਿੰਡੋਂ ਵਿੱਚ ਬਿੰਦੀਆਂ ਵਾਲੀਆਂ ਲਾਈਨਾਂ ਵੇਖ ਸਕਦੇ ਹਾਂ। ਜੇ ਇਹ ਲਾਈਨਾਂ ਦਿਖਾਈ ਨਹੀਂ ਦੇ ਰਹੀਆਂ ਤਾਂ ਅਸੀਂ ਪ੍ਰਿੰਟ ਮੀਨੂੰ ਦੇ ਸੱਜੇ ਹੇਟਲੇ ਪਾਸੇ ਪ੍ਰਦਰਸ਼ਿਤ ਹੋਣ ਵਾਲੀ Show Margins (ਸ਼ੋਅ ਮਾਰਜ਼ਨਜ਼)" ਆਪਸ਼ਨ ਕੇ ਕਲਿੱਕ ਕਰ ਸਕਦੇ ਹਾਂ। ਪ੍ਰਦਰਸ਼ਿਤ ਕੀਤੇ ਜਾ ਰਹੇ ਕਿਸੇ ਵੀ ਹਾਸ਼ੀਏ ਨੂੰ ਵਿਵਸਥਿਤ ਕਰਨ ਲਈ ਇਨ੍ਹਾਂ ਬਿੰਦੀਆਂ ਵਾਲੀਆਂ ਲਾਈਨਾਂ ਨੂੰ ਮਾਊਸ ਦੀ ਸਹਾਇਤਾ ਨਾਲ ਹਿਲਾਇਆ ਜਾ ਸਕਦਾ ਹੈ। ਜਦੋਂ ਅਸੀਂ ਕਿਸੇ ਵੀ ਮਾਰਜਨ ਨੂੰ ਇਸ ਤਰੀਕੇ ਨਾਲ ਬਦਲਦੇ ਹਾਂ ਤਾਂ ਪ੍ਰਿੰਟ ਪ੍ਰੀਵਿਊ ਵਿੰਡੋ ਉਸ ਅਨੁਸਾਰ ਆਪਣੇ ਆਪ ਅਪਡੇਟ ਹੋ ਜਾਵੇਗੀ।
- **ਸਕੇਲਿੰਗ** (Scaling) : ਜਿਵੇਂ ਕਿ ਅਸੀਂ ਪਾਠ ਵਿੱਚ ਪਹਿਲਾਂ ਚਰਚਾ ਕਰ ਚੁੱਕੇ ਹਾਂ ਕਿ ਸਕੇਲਿੰਗ ਇੱਕ ਖਾਸ ਪੇਜ ਤੇ ਵਿਵਸਥਿਤ ਕੀਤੀ ਜਾਣ ਵਾਲੇ ਡਾਟਾ ਨੂੰ ਛੋਟਾ ਕਰਨ ਜਾਂ ਵੱਡਾ ਕਰਨ ਦੀ ਪ੍ਰਕਿਰਿਆ ਹੈ। ਅਸੀਂ ਇਸ ਪਾਠ ਦੇ ਪਿਛਲੇ ਭਾਗ ਵਿੱਚ ਇਸ ਆਪਸ਼ਨ ਬਾਰੇ ਪਹਿਲਾਂ ਹੀ ਚਰਚਾ ਕਰ ਚੁੱਕੇ ਹਾਂ। ਪ੍ਰਿੰਟ ਪ੍ਰੀਵਿਊ ਵਿੰਡੋ ਦੇ ਆਖਰੀ ਵਿਕਲਪ ਦੇ ਰੂਪ ਵਿੱਚ ਦਿਖਾਈ ਗਈ ਸਕੇਲਿੰਗ ਵਿਕਲਪ ਤੋਂ ਅਸੀਂ ਕਿਸੇ ਵੀ ਕਿਸਮ ਦੀ ਸਕੇਲਿੰਗ ਨੂੰ ਬਦਲ ਸਕਦੇ ਹਾਂ।

6.2 ਐੱਮ. ਐੱਸ. ਐਕਸਲ ਵਿੱਚ ਵੱਖ-ਵੱਖ ਵਿਊਜ਼ ਨਾਲ ਕੰਮ ਕਰਨਾ (Working With Different Views in MS Excel)

ਕਿਸੇ ਵੀ ਸਾਫਟਵੇਅਰ ਵਿੱਚ ਵਿਊ ਆਪਸ਼ਨਜ ਉਹ ਹੁੰਦੀਆਂ ਹਨ ਜੋ ਐਪਲੀਕੇਸ਼ਨ ਸਾਫਟਵੇਅਰ ਵਿੱਚ ਸਾਡੇ ਕਾਰਜ਼ ਖੇਤਰ ਨੂੰ ਦੇਖਣ ਦੇ ਤਰੀਕੇ ਨਿਰਧਾਰਿਤ ਕਰਦੀਆਂ ਹਨ। ਉਦਾਹਰਣ ਦੇ ਲਈ ਜਦੋਂ ਅਸੀਂ ਐੱਮ. ਐੱਸ. ਐਕਸਲ ਵਿੱਚ ਕੋਈ ਨਵੀਂ ਵਰਕਸ਼ੀਟ ਬਣਾਉਣਾ ਅਰੰਭ ਕਰਨ ਜਾ ਰਹੇ ਹਾਂ ਤਾਂ ਸਾਨੂੰ ਵੱਧ ਤੋਂ ਵੱਧ ਕਾਰਜ ਖੇਤਰ ਵੇਖਣਾ ਵਧੇਰੇ ਸੁਵਿਧਾਜਨਕ ਹੁੰਦਾ ਹੈ। ਸਾਡੇ ਕੰਮ ਨੂੰ ਅਜਿਹੇ ਆਕਾਰ ਅਤੇ ਢਾਂਚੇ ਵਿੱਚ ਰੱਖਣਾ ਬਹੁਤ ਮਹੱਵਪੂਰਣ ਹੁੰਦਾ ਹੈ ਜੋ ਲੋੜੀਂਦੇ ਪੇਜਾਂ ਤੇ ਪ੍ਰਿੰਟ ਹੋਣ ਯੋਗ ਹੋਵੇ। ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਰੱਖਣ ਲਈ ਅਸੀਂ ਐੱਮ. ਐੱਸ. ਐਕਸਲ ਵਿੱਚ ਉਪਲਬੱਧ ਵੱਖੋ ਵੱਖਰੇ ਵਿਊਜ਼ ਦੀ ਵਰਤੋਂ ਕਰ ਸਕਦੇ ਹਾਂ। ਉਨ੍ਹਾਂ ਵਿੱਚੋਂ ਹਰ ਇੱਕ ਆਪਣੀ ਮਹੱਤਤਾ ਹੁੰਦੀ ਹੈ ਕਿਉਂਕਿ ਉਨ੍ਹਾਂ ਵਿੱਚ ਸਾਡੇ ਡਾਟਾ ਨੂੰ ਦਰਸਾਉਣ ਦੇ ਵੱਖੋ-ਵੱਖਰੇ ਤਰੀਕੇ ਹੁੰਦੇ ਹਨ। ਅਸੀਂ ਇਹਨਾਂ ਵਿਊਜ਼ ਨੂੰ ਕਿਸੇ ਵੀ ਸਮੇਂ ਸਪਰੈੱਡਸ਼ੀਟ ਵਿੱਚ ਵਰਤ ਸਕਦੇ ਹਾਂ ਤਾਂ ਜੋ ਸਾਡਾ ਡਾਟਾ ਪ੍ਰਿੰਟਿੰਗ ਦੇ ਮੰਤਵ ਨਾਲ ਵਧੀਆ ਢੰਗ ਨਾਲ ਪ੍ਰਬੰਧਿਤ ਕੀਤਾ ਜਾ ਸਕੇ। ਆਓ ਇਹਨਾਂ ਵਿਊਜ਼

ਦੀ ਵਧੀਆ ਵਰਤੋਂ ਕਰਨ ਲਈ ਐੱਮ. ਐੱਸ. ਐਕਸਲ ਵਿੱਚ ਉਪਲਬੱਧ ਵੱਖੋ ਵੱਖਰੇ ਵਿਊਜ਼ ਬਾਰੇ ਵਿਚਾਰ ਕਰੀਏ। ਐੱਮ. ਐੱਸ ਐਕਸਲ ਵਿੱਚ ਪੰਜ ਵੱਖ-ਵੱਖ ਕਿਸਮਾਂ ਦੇ ਵਿਊਜ਼ ਉਪਲਬਧ ਹਨ।

1. ਨਾਰਮਲ ਵਿਊ-ਡਿਫਾਲਟ ਵਿਊ (Normal View (Default View)
2. ਪੇਜ ਲੇਅਆਉਟ ਵਿਊ (Page Layout View)
3. ਪੇਜ ਬ੍ਰੇਕ ਪ੍ਰੀਵਿਊ (Page Break Preview)
4. ਕਸਟਮ ਵਿਊ (Custom Views)
5. ਫੁੱਲ ਸਕਰੀਨ ਵਿਊ (Full Screen View)

ਅਸੀਂ ਇਹਨਾਂ ਵਿੱਚੋਂ ਹਰ ਇੱਕ ਵਿਊ ਦੀ ਹੇਠਾਂ ਲਿਖੇ ਅਨੁਸਾਰ ਵਿਆਖਿਆ ਕਰ ਸਕਦੇ ਹਾਂ-

1. ਨਾਰਮਲ ਵਿਊ (Normal View) : ਇਹ ਐੱਮ. ਐੱਸ. ਐਕਸਲ ਦਾ ਡਿਫਾਲਟ ਵਿਊ ਹੁੰਦਾ ਹੈ। ਜਦੋਂ ਅਸੀਂ ਐੱਮ. ਐੱਸ. ਐਕਸਲ ਖੋਲ੍ਹਦੇ ਹਾਂ ਤਾਂ ਸਾਨੂੰ ਸਾਡੀ ਸਪਰੈੱਡਸ਼ੀਟ ਇਸ ਮੁੱਢਲੇ ਵਿਊ ਵਿੱਚ ਪ੍ਰਦਰਸ਼ਿਤ ਹੁੰਦੀ ਹੈ। ਡਾਟਾ ਦਾ ਪ੍ਰਬੰਧ ਕਰਨ, ਫਾਰਮੂਲੇ ਬਣਾਉਣ ਅਤੇ ਰੋਅਜ਼ ਅਤੇ ਕਾਲਮਜ਼ ਨੂੰ ਫਾਰਮੈਟ ਕਰਨ ਲਈ ਇਹ ਵਿਊ ਸਭ ਤੋਂ ਸੌਖਾ ਵਿਊ ਹੁੰਦਾ ਹੈ। ਐੱਮ. ਐੱਸ. ਐਕਸਲ ਦੇ ਇਸ ਵਿਊ ਵਿੱਚ ਸਾਰੀਆਂ ਰੋਅਜ਼ ਅਤੇ ਕਾਲਮਜ਼ ਦੇ ਹੈੱਡਰ ਸੰਬੰਧਿਤ ਰੋਅ ਜਾਂ ਕਾਲਮ ਦੇ ਨਾਲ ਲੱਗੇ ਹੁੰਦੇ ਹਨ। ਇਸ ਨਾਲ ਇਹਨਾਂ ਦੇ ਨਾਲ ਕੰਮ ਕਰਨਾ ਵਧੇਰੇ ਆਸਾਨ ਹੋ ਜਾਂਦਾ ਹੈ ਕਿਉਂਕਿ ਅਸੀਂ ਰੋਅਜ਼ ਜਾਂ ਕਾਲਮਜ਼ ਦੇ ਨਾਮ ਦੀ ਅਸਾਨੀ ਨਾਲ ਪਛਾਣ ਕਰ ਸਕਦੇ ਹਾਂ। ਇਹ ਵਿਊ ਕੰਮ ਕਰਨ ਲਈ ਸਭ ਤੋਂ ਵਧੀਆ ਜ਼ੂਮ ਪੱਧਰ ਮੁੱਹਈਆ ਕਰਵਾਉਂਦਾ ਹੈ। ਫਾਰਮੂਲੇ ਜਾਂ ਫੰਕਸ਼ਨ ਦੀ ਵਰਤੋਂ ਨਾਲ ਇੱਕ ਸਪਰੈਡਸ਼ੀਟ ਬਣਾਉਣ ਜਾਂ ਮੌਜੂਦਾ ਸਪਰੈੱਡਸ਼ੀਟ ਨੂੰ ਬਦਲਣ ਦੇ ਉਦੇਸ਼ ਨਾਲ ਇਹ ਦ੍ਰਿਸ਼ ਬਹੁਤ ਉਪਯੋਗੀ ਹੁੰਦਾ ਹੈ। ਅਸੀਂ ਵਿਊ ਟੈਬ ਰਿਬਨ ਤੋਂ ਆਪਣੇ ਵਿਊ ਨੂੰ ਨਾਰਮਲ ਵਿਊ ਵਿੱਚ ਬਦਲ ਸਕਦੇ ਹਾਂ। ਇਸ ਵਿਊ ਨੂੰ ਐਕਟਿਵ ਕਰਨ ਦੀ ਆਪਸ਼ਨ ਇਸ ਰਿਬਨ ਤੇ ਸਭ ਤੋਂ ਪਹਿਲੀ ਆਪਸ਼ਨ ਦੇ ਰੂਪ ਵਿੱਚ ਸਥਿਤ ਹੁੰਦੀ ਹੈ। ਅਸੀਂ ਆਪਣੀ ਸਪਰੈੱਡਸ਼ੀਟ ਨੂੰ ਨਾਰਮਲ ਵਿਊ ਵਿੱਚ ਹੇਠਾਂ ਦਰਸਾਏ ਅਨੁਸਾਰ ਦੇਖ ਸਕਦੇ ਹਾਂ।



ਚਿੱਤਰ 6.11 ਨਾਰਮਲ ਵਿਊ

2. ਪੇਜ ਲੇਅ ਆਊਟ ਵਿਊ (Page Layout View) : ਜਿਵੇਂ ਕਿ ਅਸੀਂ ਇਸਦੇ ਨਾਮ ਤੋਂ ਹੀ ਸਮਝ ਸਕਦੇ ਹਾਂ ਕਿ ਇਹ ਵਿਊ ਉਸ ਸਮੇਂ ਜ਼ਿਆਦਾ ਲਾਭਦਾਇਕ ਹੋਵੇਗਾ ਜਦੋਂ ਅਸੀਂ ਸਾਡੇ ਡਾਟਾ ਨੂੰ ਪੇਜਾਂ ਉੱਪਰ ਪ੍ਰਦਰਸ਼ਿਤ ਕਰਨ ਬਾਰੇ

ਜ਼ਿਆਦਾ ਸੰਵੇਦਨਸ਼ੀਲ ਹਾਂ। ਇਸ ਵਿਊ ਵਿੱਚ ਹਰੇਕ ਪੇਜ ਤੇ ਸਾਡਾ ਡਾਟਾ ਦਾ ਸਭ ਤੋਂ ਵਧੀਆ ਢੰਗ ਨਾਲ ਦਰਸਾਇਆ ਜਾਵੇਗਾ। ਅਸੀਂ ਐੱਮ. ਐੱਸ. ਐਕਸਲ ਦੇ ਇਸ ਦ੍ਰਿਸ਼ ਦੀ ਵਰਤੋਂ ਵਰਕਸ਼ੀਟ ਦੇ ਹੈੱਡਰ ਅਤੇ ਫੁੱਟਰ ਵਿੱਚ ਡਿਜ਼ਾਈਨ ਕੀਤੇ ਜਾਣ ਵਾਲੇ ਡਾਟਾ ਨੂੰ ਸ਼ਾਮਿਲ ਕਰਨ ਲਈ ਕਰ ਸਕਦੇ ਹਾਂ। ਜਿਵੇਂ ਕਿ ਕੰਪਨੀ ਲੋਗੋ, ਪੇਜ ਨੰਬਰ, ਦਸਤਾਵੇਜ ਦੇ ਨਾਂ, ਤਾਰੀਖ ਅਤੇ ਸਮਾਂ। ਇਹ ਸਭ ਆਮ ਤੌਰ ਤੇ ਕਿਸੇ ਵੀ ਹੋਰ ਵਿਊ ਦੀ ਕਿਸਮ ਵਿੱਚ ਦਿਖਾਈ ਨਹੀਂ ਦਿੰਦੇ ਪਰ ਵਰਕਬੁੱਕ ਦੇ ਹਰੇਕ ਪੇਜ ਦੇ ਨਾਲ ਪ੍ਰਿੰਟ ਹੋਣਗੇ। ਇਸ ਵਿਊ ਦੀ ਵਰਤੋਂ ਕਰਨ ਦਾ ਮੁੱਖ ਉਦੇਸ਼ ਪ੍ਰਿੰਟਿੰਗ ਸਮੇਂ ਵਿਸ਼ੇਸ਼ ਪੇਜਾਂ ਤੇ ਸਾਡੀ ਸਪਰੈੱਡਸ਼ੀਟ ਦਾ ਵਧੀਆ ਪ੍ਰਬੰਧਨ ਕਰਨਾ ਹੁੰਦਾ ਹੈ। ਅਸੀਂ ਵਿਊ ਟੈਬ ਰਿਬਨ ਤੋਂ ਆਪਣੇ ਵਿਊ ਨੂੰ ਪੇਜ ਲੇਅ-ਆਊਟ ਵਿਊ ਵਿੱਚ ਬਦਲ ਸਕਦੇ ਹਾਂ। ਇਸ ਵਿਊ ਨੂੰ ਐਕਟਿਵ ਕਰਨ ਦੀ ਆਪਸ਼ਨ ਇਸ ਰਿਬਨ ਤੇ ਦੂਜੀ ਆਪਸ਼ਨ ਦੇ ਰੂਪ ਵਿੱਚ ਸਥਿਤ ਹੁੰਦੀ ਹੈ। ਸਾਡੀ ਸਪਰੈੱਡਸ਼ੀਟ ਹੇਠਾਂ ਦਰਸਾਏ ਅਨੁਸਾਰ ਦਿਖਾਈ ਦੇਵੇਗੀ ਜਦੋਂ ਇਸਨੂੰ ਪੇਜ ਲੇਅ-ਆਊਟ ਵਿਊ ਵਿੱਚ ਪ੍ਰਦਰਸ਼ਿਤ ਕੀਤਾ ਜਾਂਦਾ ਹੈ।



ਚਿੱਤਰ 6.12 ਪੇਜ ਲੇਅ ਆਊਟ ਵਿਊ

3. ਪੇਜ ਬ੍ਰੇਕ ਪ੍ਰੀਵਿਊ (Page Break Preview) : ਐੱਮ. ਐੱਸ. ਐਕਸਲ ਦਾ ਇਹ ਵਿਊ ਮੁੱਖ ਤੌਰ ਤੇ ਸਾਡੀ ਵਰਕਸ਼ੀਟ ਦੀ ਪ੍ਰਿੰਟਿੰਗ ਨਾਲ ਸੰਬੰਧਤ ਹੁੰਦਾ ਹੈ। ਇਹ ਵਿਊ ਇੱਕ ਬਹੁਤ ਸ਼ਕਤੀਸ਼ਾਲੀ ਪ੍ਰਿੰਟ ਪ੍ਰੀਵਿਊ ਹੁੰਦਾ ਹੈ ਜੋ ਸਾਨੂੰ ਪੇਜ ਬਰੇਕਾਂ ਨੂੰ ਸੈੱਟ ਕਰਨ ਅਤੇ ਵਰਕਸ਼ੀਟ ਨੂੰ ਪ੍ਰਿੰਟਿੰਗ ਲਈ ਪੇਜਾਂ ਵਿੱਚ ਸੈੱਟ ਕਰਨ ਦੀ ਆਗਿਆ ਦਿੰਦਾ ਹੈ। ਅਸੀਂ ਐੱਮ. ਐੱਸ. ਐਕਸਲ 2010 ਵਿੱਚ ਪੇਜ ਬ੍ਰੇਕ ਨੂੰ ਦਰਸਾਉਂਦੀਆਂ ਨੀਲੀਆਂ ਲਾਈਨਾਂ ਨੂੰ ਮਾਊਸ ਦੀ ਮਦਦ ਨਾਲ ਹਿਲਾ ਕੇ ਕਾਲਮ ਜਾਂ ਰੋਅਜ਼ ਨੂੰ ਲੋੜੀਂਦੇ ਸਥਾਨ ਲਗਾ ਸਕਦੇ ਹਾਂ। ਵੱਖੋ-ਵੱਖਰੇ ਪੇਜਾਂ ਤੇ ਸਾਡੇ ਡਾਟਾ ਦੀ ਵਿਵਸਥਾ ਬਿਲਕੁਲ ਉਹੀ ਹੋਵੇਗੀ ਜਿਵੇਂ ਕਿ ਪ੍ਰਿੰਟਿੰਗ ਤੋਂ ਬਾਅਦ ਪੇਪਰ ਤੇ ਦਿਖਾਈ ਦੇਵੇਗੀ। ਐੱਮ. ਐੱਸ. ਐਕਸਲ ਦਾ ਇਹ ਵਿਊ, ਵਿਊ ਟੈਬ ਰਿਬਨ ਤੋਂ ਪੇਜ ਬ੍ਰੇਕ ਪ੍ਰੀਵਿਊ ਆਪਸ਼ਨ ਨੂੰ ਚੁਣ ਕੇ ਵੇਖਿਆ ਜਾ ਸਕਦਾ ਹੈ ਜੋ ਇਸ ਰਿਬਨ ਤੇ ਤੀਜੀ ਆਪਸ਼ਨ ਵਜੋਂ ਸਥਿਤ ਹੁੰਦੀ ਹੈ। ਜਦੋਂ ਪੇਜ ਬ੍ਰੇਕ ਪ੍ਰੀਵਿਊ ਵਿੱਚ ਸ਼ੀਟ ਨੂੰ ਵੇਖਿਆ ਜਾਂਦਾ ਹੈ ਤਾਂ ਹੇਠਾਂ ਦਿੱਤੇ ਚਿੱਤਰ ਵਿੱਚ ਦਰਸਾਏ ਅਨੁਸਾਰ ਨਜ਼ਰ ਆਵੇਗੀ।



ਚਿੱਤਰ 6.13 ਪੇਜ ਬ੍ਰੇਕ ਪ੍ਰੀਵਿਊ

4. ਕਸਟਮ ਵਿਊ (Custom View) : ਅਸੀਂ ਐੱਮ. ਐੱਸ. ਐਕਸਲ ਦੇ ਤਿੰਨ ਵਿਊਜ਼ ਦੀ ਚਰਚਾ ਕੀਤੀ ਹੈ ਜਿਸ ਵਿੱਚ ਇੱਕ ਦੂਜੇ ਦਾ ਵਿਸ਼ੇਸ਼ ਮਹੱਤਵ ਹੈ। ਪਰੰਤੂ ਜੇ ਉਪਰੋਕਤ ਦਿੱਤੇ ਵਿਊਜ਼ ਵਿੱਚੋਂ ਕੋਈ ਵੀ ਵਿਊ ਅਜਿਹਾ ਨਹੀਂ ਹੈ ਜਿਸਦੀ ਅਸੀਂ ਭਾਲ ਕਰ ਰਹੇ ਹਾਂ, ਐੱਮ. ਐੱਸ ਐਕਸਲ ਨੇ ਇੱਕ ਹੋਰ ਵਿਊ ਦੀ ਕਿਸਮ ਵੀ ਸ਼ਾਮਿਲ ਕੀਤੀ ਹੈ। ਜਿਸਦਾ ਨਾਮ ਕਸਟਮ ਵਿਊ ਹੁੰਦਾ ਹੈ। ਇਹ ਵਿਕਲਪ ਸਾਨੂੰ ਸਹੀ ਵਿਊ ਅਤੇ ਪ੍ਰਿੰਟ ਸੈਟਿੰਗਜ਼ ਨੂੰ ਸੈੱਟ ਕਰਨ ਦੀ ਆਗਿਆ ਦਿੰਦਾ ਹੈ ਜੋ ਅਸੀਂ ਚਾਹੁੰਦੇ ਹਾਂ। ਇਸ ਦੀ ਮਦਦ ਨਾਲ ਅਸੀਂ ਲੋੜ ਪੈਣ ਤੇ ਉਸ ਵਿਊ ਨੂੰ ਹੋਰ ਵਰਕਸ਼ੀਟਾਂ ਤੇ ਲਾਗੂ ਵੀ ਕਰ ਸਕਦੇ ਹਾਂ।

5. ਫੁੱਲ ਸਕਰੀਨ ਵਿਊ (Full Screen View) : ਐੱਮ. ਐੱਸ. ਐਕਸਲ ਦੇ ਇਸ ਵਿਊ ਨੂੰ ਵਰਤਮਾਨ ਵਿੱਚ ਕਿਸੇ ਵੀ ਐਕਟਿਵ ਵਿਊ ਦੇ ਨਾਲ ਵਰਤਿਆ ਜਾ ਸਕਦਾ ਹੈ। ਇਸ ਵਿਊ ਦੀ ਵਰਤੋਂ ਕਰਨ ਦਾ ਮੁੱਖ ਫਾਇਦਾ ਇਹ ਹੁੰਦਾ ਹੈ ਕਿ ਇਸਦੀ ਵਰਤੋਂ ਹੋਰ ਸਭ ਕੁਝ ਲੁਕਾ ਕੇ ਸਾਡੇ ਕਾਰਜ ਖੇਤਰ ਨੂੰ ਵੱਧ ਤੋਂ ਵੱਧ ਕਰਨ ਲਈ ਕੀਤੀ ਜਾ ਸਕਦੀ ਹੈ। ਜਦੋਂ ਸ਼ੀਟ ਨੂੰ ਇਸ ਦ੍ਰਿਸ਼ ਵਿੱਚ ਵੇਖਿਆ ਜਾਂਦਾ ਹੈ ਤਾਂ ਅਸੀਂ ਰੋਅ ਜਾਂ ਕਾਲਮ ਹੈਡਰਾਂ ਦੇ ਨਾਲ ਸਪਰੈੱਡਸ਼ੀਟ ਦੇ ਕਾਰਜ ਖੇਤਰ ਨੂੰ ਵੇਖ ਸਕਦੇ ਹਾਂ।

ਨੋਟ: ਅਸੀਂ ਕੀਬੋਰਡ ਤੋਂ ਅਸਕੇਪ ਕੀਅ (Esc Key) ਨੂੰ ਦਬਾ ਕੇ ਫੁੱਲ ਸਕਰੀਨ ਵਿਊ ਤੋਂ ਆਪਣੇ ਪਿਛਲੇ ਵਿਊ ਤੇ ਵਾਪਸ ਆ ਸਕਦੇ ਹਾਂ।

6.3 ਵਰਕਸ਼ੀਟ ਅਤੇ ਵਰਕਬੁੱਕ ਨੂੰ ਪ੍ਰੋਟੈਕਟ ਕਰਨਾ (Protecting Worksheet and Workbook)

ਐੱਮ. ਐੱਸ. ਐਕਸਲ ਵਿੱਚ ਪ੍ਰੋਟੈਕਟ ਤੋਂ ਭਾਵ ਹੈ ਸਾਡੀ ਵਰਕਬੁੱਕ ਜਾਂ ਵਰਕਸ਼ੀਟ ਨੂੰ ਅਣਅਧਿਕਾਰਤ ਪਹੁੰਚ ਤੋਂ ਰੋਕਣਾ ਅਤੇ ਸੁਰੱਖਿਅਤ ਕਰਨਾ ਹੈ। ਅਸੀਂ ਇਸ ਆਪਸ਼ਨ ਦੀ ਵਰਤੋਂ ਹੇਠ ਦਰਸਾਏ ਅਨੁਸਾਰ ਕਰ ਸਕਦੇ ਹਾਂ।

6.3.1 ਪ੍ਰੋਟੈਕਟਿੰਗ ਵਰਕਸ਼ੀਟ (Protecting Worksheet) :



ਚਿੱਤਰ : 6.14 ਪਰੋਟੈਕਟ ਕੀਤੀ ਜਾਣ ਵਾਲੀ ਸ਼ੀਟ

ਐੱਮ. ਐੱਸ. ਐਕਸਲ ਵਿੱਚ ਪ੍ਰੋਟੈਕਟ ਸ਼ੀਟ ਆਪਸ਼ਨ ਦੀ ਵਰਤੋਂ ਸਾਡੀ ਵਰਕਸ਼ੀਟ ਵਿੱਚ ਡਾਟਾ ਨੂੰ ਸੁਰੱਖਿਅਤ ਕਰਨ ਲਈ ਕੀਤੀ ਜਾਂਦੀ ਹੈ ਜਿਸ ਵਿੱਚ ਪਾਸਵਰਡ ਲਗਾਉਣ ਦੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ। ਅਸੀਂ ਅਣਅਧਿਕਾਰਤ ਵਿਅਕਤੀ ਦੁਆਰਾ ਕੀਤੇ ਜਾਣ ਵਾਲੇ ਕਿਸੇ ਵੀ ਆਪਰੇਸ਼ਨ ਤੋਂ ਕਿਸੇ ਵੀ ਖਾਸ ਰੋਅ, ਕਾਲਮ ਜਾਂ ਸੈੱਲਾਂ ਨੂੰ ਲਾਕ ਕਰ ਸਕਦੇ ਹਾਂ। ਹੋਰ ਯੂਜ਼ਰ ਨੂੰ ਹਾਇਡ (Hide) ਕੀਤੀਆਂ ਵਰਕਸ਼ੀਟਾਂ ਵੇਖਣ, ਵਰਕਸ਼ੀਟਾਂ ਨੂੰ ਜੋੜਨ, ਮੂਵ ਕਰਨ, ਡਲੀਟ ਕਰਨ ਜਾਂ ਹਾਈਡ ਅਤੇ ਵਰਕਸ਼ੀਟਾਂ ਦਾ ਨਾਂ ਬਦਲਣ ਤੋਂ ਰੋਕਣ ਲਈ, ਅਸੀਂ ਆਪਣੀ ਐੱਮ. ਐੱਸ. ਐਕਸਲ ਵਰਕਬੁੱਕ ਨੂੰ ਪਾਸਵਰਡ ਨਾਲ ਪ੍ਰੋਟੈਕਟ ਕਰ ਸਕਦੇ ਹਾਂ। ਵਰਕਸ਼ੀਟ ਨੂੰ ਪ੍ਰੋਟੈਕਟ ਕਰਨ ਲਈ ਸਾਨੂੰ ਕਈ ਕਦਮ ਕਰਨੇ ਪੈ ਸਕਦੇ ਹਨ। ਆਓ ਐੱਮ. ਐੱਸ. ਐਕਸਲ ਵਿੱਚ ਵਰਕਸ਼ੀਟ ਦੀ ਸੁਰੱਖਿਆ ਦੇ ਢੰਗ ਤੇ ਇੱਕ ਨਜ਼ਰ ਮਾਰੀਏ।

ਜਦੋਂ ਅਸੀਂ ਇੱਕ ਵਰਕਸ਼ੀਟ ਉੱਪਰ ਕੰਮ ਕਰ ਰਹੇ ਹੁੰਦੇ ਹਾਂ ਤਾਂ ਮੂਲ ਰੂਪ ਵਿੱਚ ਸਾਰੇ ਸੈੱਲ ਲੌਕ ਹੁੰਦੇ ਹਨ। ਇਸਦਾ ਅਰਥ ਇਹ ਹੈ ਕਿ ਜੇ ਅਸੀਂ ਸ਼ੀਟ ਇਸੇ ਤਰ੍ਹਾਂ ਹੀ ਲੌਕ ਕਰਦੇ ਹਾਂ ਤਾਂ ਸਾਰੇ ਸੈਲ ਲੌਕ ਹੋ ਜਾਣਗੇ। ਅਜਿਹਾ ਕਰਨ ਨਾਲ ਸ਼ੀਟ ਇੰਨੀ ਉਪਯੋਗੀ ਨਹੀਂ ਰਹਿੰਦੀ। ਇੱਕ ਸ਼ੀਟ ਦੀ ਵਧੀਆ ਵਰਤੋਂ ਕਰਨ ਲਈ ਅਸੀਂ ਸੈੱਲਾਂ ਦੇ ਕਿਸੇ ਵੀ ਸਮੂਹ ਨੂੰ ਅਨਲੌਕ ਕਰ ਸਕਦੇ ਹਾਂ। ਅਨਲੌਕ ਕੀਤੇ ਸੈੱਲ ਨੂੰ ਪ੍ਰੋਟੈਕਟ ਸ਼ੀਟ ਵਿੱਚ ਵੀ ਬਦਲਿਆ ਜਾ ਸਕਦਾ ਹੈ। ਅਸੀਂ ਇਨ੍ਹਾਂ ਅਨਲੌਕ ਕੀਤੇ ਮੁੱਲਾਂ ਨੂੰ ਲੌਕ ਕੀਤੇ ਸੈੱਲਾਂ ਦੇ ਫਾਰਮੂਲੇ ਵਿੱਚ ਵੀ ਵਰਤ ਸਕਦੇ ਹਾਂ। ਇਹ ਐੱਮ. ਐੱਸ. ਐਕਸਲ ਵਰਕਸ਼ੀਟ ਦੀ ਉਪਯੋਗਤਾ ਨੂੰ ਵਧਾਏਗਾ। ਅਸੀਂ ਹੇਠ ਲਿਖੇ ਅਨੁਸਾਰ ਸ਼ੀਟਾਂ ਨੂੰ ਪ੍ਰੋਟੈਕਟ ਕਰ ਸਕਦੇ ਹਾਂ। ਜਿਵੇਂ ਕਿ ਅਸੀਂ ਦਿੱਤੇ ਚਿੱਤਰ 6.14 ਵਿੱਚ ਵੇਖ ਸਕਦੇ ਹਾਂ ਕਿ ਕੁਝ ਸੈੱਲਾਂ ਨੂੰ ਪੀਲੇ ਰੰਗ ਨਾਲ ਉਭਾਰਿਆ ਗਿਆ ਹੈ। ਅਸੀਂ ਸਿਰਫ਼ ਇਨ੍ਹਾਂ ਪੀਲੇ ਰੰਗ ਨਾਲ ਉਭਾਰੇ ਹੋਏ ਸੈੱਲਾਂ ਨੂੰ ਬਦਲ ਕੇ ਕਿਸੇ ਵੀ ਵਿਦਿਆਰਥੀ ਦਾ ਨਤੀਜ਼ਾ ਕਾਰਡ ਬਣਾ ਸਕਦੇ ਹਾਂ। ਬਾਕੀ ਸੈੱਲ ਜਾਂ ਤਾਂ ਪਹਿਲਾਂ ਤੋਂ ਪਰਿਭਾਸ਼ਿਤ ਹਨ ਜਾਂ ਆਪਣੇ ਆਪ ਗਣਨਾ ਕੀਤੇ ਜਾਣ ਯੋਗ ਹਨ। ਇਸ ਲਈ ਇਸ ਐਕਸਲ ਵਰਕਸ਼ੀਟ ਦੀ ਵਰਤੋਂ ਕਰਦੇ ਸਮੇਂ ਇਸ ਨੂੰ ਕਿਸੇ ਵੀ ਅਚਨਚੇਤ ਤਬਦੀਲੀ ਤੋਂ ਬਚਾਉਣਾ ਜ਼ਰੂਰੀ ਹੋ ਸਕਦਾ ਹੈ।

ਇਸ ਮੰਤਵ ਲਈ ਸਭ ਤੋਂ ਪਹਿਲਾਂ ਹਾਈਲਾਈਟ ਕੀਤੇ ਸੈੱਲਾਂ ਨੂੰ ਅਨਲੌਕ ਕਰੋ। ਅਜਿਹਾ ਕਰਨ ਲਈ, ਸੈੱਲਾਂ ਦੀ ਚੋਣ ਕਰੋ ਅਤੇ ਫਿਰ ਹੋਮ ਟੈਬ ਰਿਬਨ ਦੇ ਫੌਂਟ ਸਮੂਹ ਤੋਂ ਫਾਰਮੈਟ ਸੈੱਲ ਡਾਇਲਾਗ ਬਾਕਸ ਲਾਂਚ ਕਰੋ।

ਨੋਟ: ਅਸੀਂ ਸੈੱਲਾਂ ਤੇ ਕਲਿੱਕ ਕਰਦੇ ਹੋਏ ਕੰਟਰੋਲ ਕੀਅ ਨੂੰ ਦਬਾ ਕੇ ਵੱਖਰੇ ਵੱਖਰੇ ਸਥਾਨਾਂ ਤੇ ਮੌਜੂਦ ਇੱਕ ਤੋਂ ਵੱਧ ਸੈੱਲਾਂ ਦੀ ਚੋਣ ਕਰ ਸਕਦੇ ਹਾਂ।



ਚਿੱਤਰ 6.15 ਲੋੜੀਂਦੇ ਸੈੱਲਾਂ ਨੂੰ ਅਨਲੌਕ ਕਰਨਾ

ਜਿਵੇਂ ਕਿ ਅਸੀਂ ਉਪਰੋਕਤ ਚਿੱਤਰ ਵਿੱਚ ਦੇਖ ਸਕਦੇ ਹਾਂ, "Protection (ਪ੍ਰੋਟੈਕਸ਼ਨ)" ਟੈਬ ਵਿੱਚ ਚੁਣੇ ਹੋਏ ਸੈੱਲਾਂ ਲਈ ਲੌਕਡ ਆਪਸ਼ਨ ਨੂੰ ਟਿਕ ਕੀਤਾ ਜਾ ਸਕਦਾ ਹੈ। ਇਨ੍ਹਾਂ ਸੈੱਲਾਂ ਨੂੰ ਪ੍ਰੋਟੈਕਟ ਕੀਤੀ ਸ਼ੀਟ ਵਿੱਚ ਵੀ ਅਨਲੌਕ ਰੱਖਣ ਲਈ ਇਸ ਆਪਸ਼ਨ ਤੇ ਕਲਿੱਕ ਕਰਕੇ ਟਿੱਕ ਨੂੰ ਹਟਾਓ। ਜਦੋਂ ਟਿੱਕ ਹਟਾ ਦਿੱਤਾ ਜਾਂਦਾ ਹੈ ਤਾਂ OK ਬਟਨ ਦਬਾਓ।

ਹੁਣ ਇਸ ਸ਼ੀਟ ਨੂੰ ਅਣਅਧਿਕਾਰਤ ਪਹੁੰਚ ਤੋਂ ਬਚਾਉਣ ਲਈ ਅਸੀਂ ਰੀਵੀਉ ਟੈਬ (Review Tab) ਰਿਬਨ ਤੋਂ "Protect Sheet (ਪ੍ਰੋਟੈਕਟ ਸ਼ੀਟ)" ਆਪਸ਼ਨ ਦੀ ਚੋਣ ਕਰਕੇ ਅਜਿਹਾ ਕਰ ਸਕਦੇ ਹਾਂ।



ਚਿੱਤਰ 6.16 ਸ਼ੀਟ ਪ੍ਰੋਟੈਕਟ ਕਰਨਾ (Protecting Sheet)

"ਪ੍ਰੋਟੈਕਟ ਵਰਕਸ਼ੀਟ" ਡਾਇਲਾਗ ਬਾਕਸ ਦਿਖਾਈ ਦੇਵੇਗਾ। ਜਿਵੇਂ ਕਿ ਅਸੀਂ ਤਸਵੀਰ ਵਿੱਚ ਵੇਖ ਸਕਦੇ ਹਾਂ, ਦੋ ਆਪਸ਼ਨਜ ਪਹਿਲਾਂ ਹੀ ਸਿਲੈਕਟ ਕੀਤੀਆਂ ਗਈਆਂ ਹਨ ਜਿਸਦਾ ਅਰਥ ਹੈ ਕਿ ਅਸੀਂ ਕਿਸੇ ਵੀ ਸੁਰੱਖਿਅਤ ਸੈੱਲ ਦੀ ਚੋਣ ਕਰ ਸਕਦੇ ਹਾਂ। ਪ੍ਰੋਟੈਕਟ ਕੀਤੇ ਸੈੱਲਾਂ ਤੇ ਕੋਈ ਹੋਰ ਓਪਰੇਸ਼ਨ ਨਹੀਂ ਕੀਤਾ ਜਾ ਸਕਦਾ। ਅਸੀਂ ਲੋੜ ਅਨੁਸਾਰ ਪ੍ਰੋਟੈਕਟ ਕੀਤੀ ਸ਼ੀਟ ਨੂੰ ਪਾਸਵਰਡ ਵੀ ਦੇ ਸਕਦੇ ਹਾਂ ਤਾਂ ਜੋ ਕੋਈ ਵੀ ਅਣਧਿਕਾਰਤ ਵਿਅਕਤੀ ਇਸਨੂੰ ਅਨਲੌਕ ਨਾ ਕਰ ਸਕੇ। ਜਦੋਂ ਅਸੀਂ OK ਬਟਨ ਦਬਾਉਂਦੇ ਹਾਂ ਤਾਂ ਪੁਸ਼ਟੀ ਕਰਨ ਲਈ ਦੁਬਾਰਾ ਪਾਸਵਰਡ ਪੁੱਛੇਗਾ। ਉਹੀ ਪਾਸਵਰਡ ਦੁਬਾਰਾ ਭਰੋ ਅਤੇ OK ਦਬਾਓ।

ਹੁਣ ਸਾਡੀ ਸ਼ੀਟ ਪ੍ਰੋਟੈਕਟ ਹੋ ਗਈ ਹੈ ਅਤੇ ਉਨ੍ਹਾਂ ਪੀਲੇ ਰੰਗ ਨਾਲ ਉਭਾਰੇ ਸੈੱਲਾਂ ਤੋਂ ਬਿਨਾਂ ਕਿਸੇ ਹੋਰ ਸੈੱਲ ਵਿੱਚ ਤਬਦੀਲੀ ਕਰਨ ਦੀ ਆਗਿਆ ਨਹੀਂ ਹੈ। ਸ਼ੀਟ ਨੂੰ ਅਣਚਾਹੇ ਬਦਲਾਵ ਤੋਂ ਰੋਕਣ ਲਈ ਇਸ ਵਿਸ਼ੇਸ਼ਤਾ ਦੀ ਮੁੱਖ ਤੌਰ ਤੇ ਵਰਤੋਂ ਕੀਤੀ ਜਾ ਸਕਦੀ ਹੈ।

ਨੋਟ: ਜਦੋਂ ਕਿਸੇ ਸ਼ੀਟ ਨੂੰ ਦੁਬਾਰਾ ਅਨਪ੍ਰੋਟੈਕਟ ਕਰਨ ਦੀ ਜ਼ਰੂਰਤ ਹੁੰਦੀ ਹੈ ਤਾਂ ਅਸੀਂ ਅਣ-ਪ੍ਰੋਟੈਕਟ ਸ਼ੀਟ ਆਪਸ਼ਨ ਦੀ ਚੋਣ ਕਰ ਸਕਦੇ ਹਾਂ ਜੋ ਸ਼ੀਟ ਪ੍ਰੋਟੈਕਟ ਨਾ ਹੋਣ ਤੇ ਪ੍ਰੋਟੈਕਟ ਸ਼ੀਟ ਦੇ ਸਥਾਨ ਤੇ ਦਿਖਾਈ ਦੇਵੇਗੀ। ਜੇ ਅਸੀਂ ਸ਼ੀਟ ਨੂੰ ਪ੍ਰੋਟੈਕਟ ਕਰਦੇ ਹੋਏ ਪਾਸਵਰਡ ਦਿੱਤਾ ਹੈ ਤਾਂ ਅਨਪ੍ਰੋਟੈਕਟ ਕਰਨ ਲਈ ਉਸ ਪਾਸਵਰਡ ਦੀ ਮੰਗ ਕਰੇਗਾ, ਜਿਵੇਂ ਕਿ:



ਚਿੱਤਰ 6.17 ਸ਼ੀਟ ਨੂੰ ਅਨ-ਪ੍ਰੋਟੈਕਟ ਕਰਨਾ

ਸਹੀ ਪਾਸਵਰਡ ਦੇਣ ਤੋਂ ਬਾਅਦ OK ਬਟਨ ਦਬਾਉਣ ਉਪਰੰਤ ਸ਼ੀਟ ਅਨ-ਪ੍ਰੋਟੈਕਟ ਹੋ ਜਾਵੇਗੀ।

6.3.2 ਐੱਮ. ਐੱਸ. ਐਕਸਲ ਵਰਕਬੁੱਕ ਨੂੰ ਪ੍ਰੋਟੈਕਟ ਕਰਨਾ (Protecting MS Excel Workbook):

ਐੱਮ. ਐੱਸ. ਐਕਸਲ ਦੀ ਇਹ ਆਪਸ਼ਨ ਵੀ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਬਹੁਤ ਉਪਯੋਗੀ ਹੈ ਜਿਸਦੀ ਵਰਤੋਂ ਐੱਮ. ਐੱਸ. ਐਕਸਲ ਦੀ ਮੌਜੂਦਾ ਵਰਕਬੁੱਕ ਨੂੰ ਖੋਲ੍ਹਣ ਲਈ ਪਾਸਵਰਡ ਦੀ ਚੋਣ ਕੀਤੀ ਜਾ ਸਕਦੀ ਹੈ। ਅਸੀਂ ਇਸ ਮੰਤਵ ਲਈ ਸੇਵ ਐਜ਼ ਡਾਇਲਾਗ ਬਾਕਸ ਦੀ ਟੂਲ ਆਪਸ਼ਨ ਦੀ ਵਰਤੋਂ ਕਰ ਸਕਦੇ ਹਾਂ, ਜਿਵੇਂ ਕਿ-



ਚਿੱਤਰ 6.18 ਵਰਕਬੁੱਕ ਪ੍ਰੋਟੈਕਟ ਕਰਨਾ (Protecting Workbook)

ਓਪਨ (Open) ਅਤੇ/ਜਾਂ ਮੌਡੀਫਾਈ (modify) ਦੋਵਾਂ ਆਪਸ਼ਨਜ ਲਈ ਪਾਸਵਰਡ ਦਰਜ ਕਰਨ ਤੋਂ ਬਾਅਦ OK ਬਟਨ ਦਬਾਓ। ਹੁਣ ਇਨ੍ਹਾਂ ਦੋਵਾਂ ਪਾਸਵਰਡਾਂ ਲਈ ਪਾਸਵਰਡ ਦੀ ਪੁਸ਼ਟੀ ਕਰਨ ਲਈ ਆਪਸ਼ਨ ਦਿਖਾਈ ਦੇਵੇਗੀ। ਪੁਸ਼ਟੀ ਹੋਣ ਤੋਂ ਬਾਅਦ ਫਾਇਲ ਪ੍ਰੋਟੈਕਸ਼ਨ ਨਾਲ ਸੇਵ ਹੋ ਜਾਵੇਗੀ।

ਇੱਕ ਸੁਰੱਖਿਅਤ ਵਰਕਬੁੱਕ ਖੋਲ੍ਹਣਾ—ਜਦੋਂ ਅਸੀਂ ਇੱਕ ਸੁਰੱਖਿਅਤ ਵਰਕਬੁੱਕ ਖੋਲ੍ਹਦੇ ਹਾਂ, ਤਾਂ ਯੂਜ਼ਰ ਨੂੰ ਪ੍ਰਮਾਣਿਤ ਕਰਨ ਲਈ ਇੱਕ "ਪਾਸਵਰਡ" ਡਾਇਲਾਗ ਬਾਕਸ ਦਿਖਾਈ ਦੇਵੇਗਾ।

ਜੇ ਪ੍ਰਮਾਣੀਕਰਣ ਸਫਲ ਹੁੰਦਾ ਹੈ ਤਾਂ ਵਰਕਬੁੱਕ ਖੁੱਲ ਜਾਵੇਗੀ, ਨਹੀਂ ਤਾਂ ਇਸਦੇ ਲਈ ਇੱਕ ਐਰਰ ਮੈਸੇਜ਼ (Error Message) ਪ੍ਰਦਰਸ਼ਿਤ ਕੀਤਾ ਜਾਵੇਗਾ।



ਚਿੱਤਰ 6.19 Opening Protected Workbook

ਹੁਣ ਅਸੀਂ ਇੱਕ ਵਰਕਸ਼ੀਟ ਬਣਾਉਣ, ਫਾਰਮੈਟਿੰਗ ਲਾਗੂ ਕਰਨ, ਆਪਣੇ ਫਾਰਮੂਲੇ ਬਣਾਉਣ, ਫੰਕਸ਼ਨਜ਼ ਦੀ ਵਰਤੋਂ ਕਰਨ, ਵੱਖੋ ਵੱਖਰੇ ਆਬਜੈਕਟ ਸ਼ਾਮਿਲ ਕਰਨ ਅਤੇ ਅੰਤ ਵਿੱਚ ਸਾਡੀ ਵਰਕਬੁੱਕ ਜਾਂ ਵਰਕਸ਼ੀਟ ਨੂੰ ਕਈ ਕਿਸਮਾਂ ਵਿੱਚ ਪ੍ਰੋਟੈਕਟ ਕਰਨ ਦੇ ਯੋਗ ਹਾਂ। ਅਸੀਂ ਆਪਣੀਆਂ ਰੋਜ਼ਮਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਐੱਮ.ਐੱਸ. ਐਕਸਲ ਸਪਰੈੱਡਸ਼ੀਟ ਦੀ ਸਰਵੋਤਮ ਵਰਤੋਂ ਕਰਨ ਲਈ ਇਨ੍ਹਾਂ ਸਾਰੀਆਂ ਆਪਸ਼ਨਜ ਦੀ ਵਰਤੋਂ ਕਰ ਸਕਦੇ ਹਾਂ।

ਯਾਦ ਰੱਖਣ ਯੋਗ ਗੱਲਾਂ

1. ਪੇਜ ਲੇਅ-ਆਊਟ ਟੈਬ ਕੁਝ ਕਮਾਂਡਜ ਪ੍ਰਦਾਨ ਕਰਦੀ ਹੈ ਜੋ ਸਾਨੂੰ ਪ੍ਰਿੰਟ ਕੀਤੇ ਪੇਜ ਤੇ ਸਾਡੇ ਡਾਟਾ ਦੇ ਪ੍ਰਦਰਸ਼ਿਤ ਹੋਣ ਦੇ ਤਰੀਕੇ ਨੂੰ ਕੰਟਰੋਲ ਕਰਨ ਦੀ ਆਗਿਆ ਦਿੰਦੀ ਹੈ।
2. ਮਾਰਜ਼ਨ ਵਰਕਸ਼ੀਟ ਦੇ ਡਾਟਾ ਅਤੇ ਪੇਜ ਦੇ ਖੱਬੇ, ਸੱਜੇ, ਉੱਪਰ ਅਤੇ ਹੇਠਲੇ ਕਿਨਾਰਿਆਂ ਦੇ ਵਿਚਕਾਰ ਦੀ ਖਾਲੀ ਜਗ੍ਹਾ ਹੁੰਦੀ ਹੈ।
3. ਪੇਜ ਓਰੀਐਂਟੇਸ਼ਨ ਤੋਂ ਮਤਲਬ ਹੈ ਕਿ ਪੇਜ_ੱਪਰ ਸਾਡੀ ਆਉਟਪੁੱਟ ਕਿਵੇਂ ਪ੍ਰਿੰਟ ਕੀਤੀ ਜਾਣੀ ਹੈ। ਅਸੀਂ ਇਸ ਲਈ ਲੰਬੀ (Portrait) ਜਾਂ ਲੇਟਵੀਂ (landscape) ਦਿਸ਼ਾ ਦੀ ਵਰਤੋਂ ਕਰ ਸਕਦੇ ਹਾਂ।
4. ਦੋ ਕਿਸਮਾਂ ਦੀ ਪੇਜ-ਓਰੀਐਂਟੇਸ਼ਨ ਪੋਰਟਰੇਟ (Portrait) ਅਤੇ ਲੈਂਡਸਕੇਪ (Landscape) ਹੋ ਸਕਦੀਆਂ ਹਨ।
5. ਪੇਜ ਲੇਅ-ਆਊਟ ਟੈਬ ਦੀ ਸਾਇਜ਼ ਆਪਸ਼ਨ ਦੀ ਵਰਤੋਂ ਉਦੋਂ ਕੀਤੀ ਜਾਂਦੀ ਹੈ ਜਦੋਂ ਅਸੀਂ ਕਿਸੇ ਵਰਕਸ਼ੀਟ ਦੇ ਵਿਸ਼ਾ-ਵਸਤੂ ਨੂੰ ਕਾਗਜ਼ ਦੇ ਖਾਸ ਆਕਾਰ ਤੇ ਵਿਵਸਥਿਤ ਕਰਨਾ ਚਾਹੁੰਦੇ ਹਾਂ।
6. ਪੇਜ ਬ੍ਰੇਕ ਆਪਸ਼ਨ ਪੇਜ ਲੇਅ-ਆਊਟ ਟੈਬ ਸਾਡੇ ਡਾਟਾ ਨੂੰ ਵੱਖੋ-ਵੱਖਰੇ ਪੇਜਾਂ ਵਿੱਚ ਵੰਡਣ ਲਈ ਪ੍ਰਬੰਧਿਤ ਕਰਨ ਲਈ ਬਹੁਤ ਉਪਯੋਗੀ ਹੈ।
7. ਸਕੇਲਿੰਗ ਦੇ ਮਾਧਿਅਮ ਦੁਆਰਾ ਅਸੀਂ ਵਿਸੇਸ਼ ਪੇਪਰ ਸਾਇਜ਼ ਤੇ ਛਾਪੇ ਜਾਣ ਵਾਲੇ ਡਾਟਾ ਦੇ ਆਕਾਰ ਨੂੰ ਛੋਟਾ ਜਾਂ ਵੱਡਾ ਕਰਨ ਦੀ ਸਹੂਲਤ ਮੁਹੱਈਆ ਕਰਵਾਈ ਜਾਂਦੀ ਹੈ।

8. ਕਿਸੇ ਵੀ ਸਾਫਟਵੇਅਰ ਵਿੱਚ ਵਿਊ ਉਹ ਤਰੀਕਾ ਹੁੰਦਾ ਹੈ ਜੋ ਕਿ ਐਪਲੀਕੇਸ਼ਨ ਸਾਫਟਵੇਅਰ ਵਿੱਚ ਸਾਡੇ ਕਾਰਜ਼ ਖੇਤਰ ਦੀ ਦਿੱਖ ਨਿਰਧਾਰਿਤ ਕਰਦਾ ਹੈ।
9. ਐੱਮ. ਐੱਸ. ਐਕਸਲ ਵਿੱਚ ਮੁੱਖ ਤੌਰ ਤੇ ਤਿੰਨ ਵਿਊ ਹੁੰਦੇ ਹਨ-ਨਾਰਮਲ ਵਿਊ, ਪੇਜ ਲੇਅ-ਆਊਟ ਵਿਊ ਅਤੇ ਪੇਜ ਬ੍ਰੇਕ ਪ੍ਰੀਵਿਊ।
10. ਐੱਮ. ਐੱਸ. ਐਕਸਲ ਦੇ ਫੁੱਲ ਸਕਰੀਨ ਵਿਊ ਨੂੰ ਸਾਰੇ ਮੀਨੂੰ, ਰਿਬਨ ਅਤੇ ਸਾਰੀਆਂ ਟੂਲ ਬਾਰ ਨੂੰ ਲੁਕਾ ਕੇ ਵੱਧ ਤੋਂ ਵੱਧ ਕਾਰਜ ਖੇਤਰ ਦੇਖਣ ਲਈ ਤਿੰਨਾਂ ਵਿਊਜ਼ ਵਿੱਚੋਂ ਕਿਸੇ ਵੀ ਵਿਊ ਦੇ ਨਾਲ ਵਰਤਿਆ ਜਾ ਸਕਦਾ ਹੈ।
11. ਐੱਮ. ਐੱਸ. ਐਕਸਲ ਵਿੱਚ ਪ੍ਰੋਟੈਕਟ ਸ਼ੀਟ ਆਪਸ਼ਨ ਦੀ ਵਰਤੋਂ ਸਾਡੀ ਵਰਕਬੁੱਕ ਜਾਂ ਵਰਕਸ਼ੀਟ ਵਿੱਚ ਡਾਟਾ ਨੂੰ ਪਾਸਵਰਡ ਦੀ ਸਹਾਇਤਾ ਨਾਲ ਸੁਰੱਖਿਅਤ ਕਰਨ ਲਈ ਕੀਤੀ ਜਾਂਦੀ ਹੈ।
12. ਐੱਮ. ਐੱਸ. ਐਕਸਲ ਦੀ ਪ੍ਰੋਟੈਕਟ ਵਰਕਬੁੱਕ ਆਪਸ਼ਨ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਬਹੁਤ ਉਪਯੋਗੀ ਹੈ ਜਿਸਦੀ ਵਰਤੋਂ ਐੱਮ. ਐੱਸ. ਐਕਸਲ ਦੀ ਮੌਜੂਦਾ ਵਰਕਬੁੱਕ ਨੂੰ ਖੋਲ੍ਹਣ ਸਮੇਂ ਪਾਸਵਰਡ ਲਗਾ ਕੇ ਕੀਤੀ ਜਾ ਸਕਦੀ ਹੈ।
13. ਹੈੱਡਰ/ਫੁੱਟਰ ਵਿਕਲਪਾਂ ਦੀ ਵਰਤੋਂ ਐੱਮ. ਐੱਸ. ਐਕਸਲ ਵਿੱਚ ਹਰੇਕ ਪੇਜ ਦੇ ਉੱਪਰ ਜਾਂ ਹੇਠਾਂ ਕੋਈ ਖਾਸ ਡਾਟਾ ਸ਼ਾਮਿਲ ਕਰਨ ਲਈ ਕੀਤੀ ਜਾਂਦੀ ਹੈ।

ਅਭਿਆਸ

ਪ੍ਰਸ਼ਨ 1. ਬਹੁਪਸੰਦੀ ਪ੍ਰਸ਼ਨ :

(i) ਇਹਨਾਂ ਵਿੱਚੋਂ ਕਿਹੜੀ ਆਪਸ਼ਨ ਪੇਜ ਲੇਅ-ਆਊਟ ਟੈਬ (Page Layout Tab) ਨਾਲ ਸੰਬੰਧਿਤ ਹੈ ?

(A) ਪੇਜ ਓਰੀਐਂਟੇਸ਼ਨ (Page Orientation) (B) ਪੇਪਰ ਸਾਇਜ਼ (Paper Size)

(C) ਪ੍ਰਿੰਟ ਏਰੀਆ (Print Area) (D) ਉਪਰੋਕਤ ਸਾਰੇ

(ii) ਇਹਨਾਂ ਵਿੱਚੋਂ ਕਿਹੜਾ ਐੱਮ. ਐੱਸ. ਐਕਸਲ ਦਾ ਵਿਊ ਨਹੀਂ ਹੈ ?

(A) ਫਾਰਮੂਲਾ ਵਿਊ (Formula View)

(B) ਨਾਰਮਲ ਵਿਊ (Normal View)

(C) ਪੇਜ ਲੇਅ-ਆਊਟ ਵਿਊ (Page Layout View)

(D) ਪੇਜ ਬ੍ਰੇਕ ਪ੍ਰੀਵਿਊ (Page Break Preview)

(iii) .... ਵਰਕਸ਼ੀਟ ਡਾਟਾ ਅਤੇ ਪ੍ਰਿੰਟ ਕੀਤੇ ਜਾਣ ਵਾਲੇ ਪੇਜ ਦੇ ਕਿਨਾਰਿਆਂ ਦੇ ਵਿਚਕਾਰ ਦੀ ਖਾਲੀ ਥਾਂ ਹੁੰਦੀ ਹੈ।

(A) ਪੇਪਰ ਸਾਇਜ਼ (Paper Size) (B) ਪ੍ਰਿੰਟ ਏਰੀਆ (Print Area)

(C) ਮਾਰਜ਼ਨ (Margin) (D) ਪ੍ਰਿੰਟ ਪ੍ਰੀਵਿਊ (Print Preview)

(iv) .... ਪ੍ਰਿੰਟ ਪ੍ਰੀਵਿਊ ਅਤੇ ਪ੍ਰਿੰਟ ਹੋਈਆਂ ਸ਼ੀਟਾਂ ਵਿੱਚ ਹਰੇਕ ਪੰਨੇ ਦੇ ਸਿਖਰ ਤੇ ਦਿਖਾਈ ਦਿੰਦਾ ਹੈ।

(A) ਫੁੱਟਰ (Footer) (B) ਹੈੱਡਰ (Header))

(C) ਹੇਠਲੀ ਮਾਰਜ਼ਨ (Bottom Margin) (D) ਇਹਨਾਂ ਵਿਚੋਂ ਕੋਈ ਨਹੀਂ

(v) ਅਸੀਂ ਆਪਣੇ ਸੈੱਲਾਂ ਨੂੰ .... ਆਪਸ਼ਨ ਦੀ ਸਹਾਇਤਾ ਨਾਲ ਗਲਤੀ ਨਾਲ ਹੋਣ ਵਾਲੇ ਬਦਲਾਵ ਤੋਂ ਰੋਕ ਸਕਦੇ ਹਾਂ।

(A) ਸੇਵ ਐਜ਼ (Save As) (B) ਸੇਵ (Save)

(C) ਪ੍ਰਿੰਟ ਏਰੀਆ (Print Area) (D) ਪ੍ਰੋਟੈਕਟ ਸ਼ੀਟ (Protect Sheet)

ਪ੍ਰਸ਼ਨ 3. ਸਹੀ ਜਾਂ ਗਲਤ ਲਿਖੋ—

(i) ਐੱਮ. ਐੱਸ. ਐਕਸਲ ਵਿੱਚ ਵਰਕਬੁੱਕ ਨੂੰ ਪ੍ਰੋਟੈਕਟ ਨਹੀਂ ਕੀਤਾ ਜਾ ਸਕਦਾ।

(ii) ਇੱਕ ਵਾਰ ਪੇਜ ਬ੍ਰੇਕ ਦਾਖਲ ਕਰਨ ਤੋਂ ਬਾਅਦ ਅਸੀਂ ਉਸਨੂੰ ਹਟਾ ਨਹੀਂ ਸਕਦੇ।

(iii) ਪੇਜ ਓਰੀਐਂਟੇਸ਼ਨ ਦੋ ਪ੍ਰਕਾਰ ਦੇ ਹੁੰਦੇ ਹਨ। ਪੋਰਟਰੇਟ ਅਤੇ ਲੈਂਡਸਕੇਪ।

(iv) ਮਾਰਜ਼ਨ ਇੱਕ ਪੇਜ ਦੇ ਉੱਪਰ, ਹੇਠਾਂ, ਖੱਬੇ, ਸੱਜੇ, ਹੈੱਡਰ ਅਤੇ ਫੁੱਟਰ ਤੇ ਹੋ ਸਕਦੇ ਹਨ।

(v) ਅਸੀਂ ਵਰਕਸ਼ੀਟ ਦੇ ਕਿਸੇ ਖਾਸ ਹਿੱਸੇ ਨੂੰ ਪ੍ਰਿੰਟ ਕਰਨ ਲਈ ਪ੍ਰਿੰਟ ਕਰਨ ਲਈ ਪ੍ਰਿੰਟ ਏਰੀਆ ਆਪਸ਼ਨ ਦੀ ਵਰਤੋਂ ਕਰ ਸਕਦੇ ਹਾਂ।

ਪ੍ਰਸ਼ਨ 3. ਛੋਟੇ ਉੱਤਰਾਂ ਵਾਲੇ ਪ੍ਰਸ਼ਨ—

(i) ਮਾਰਜ਼ਨ ਤੋਂ ਤੁਹਾਡਾ ਕੀ ਭਾਵ ਹੈ ?

(ii) ਪੇਜ ਓਰੀਐਂਟੇਸ਼ਨ ਉੱਪਰ ਇੱਕ ਨੋਟ ਲਿਖੋ।

(iii) ਸਕੇਲਿੰਗ ਤੋਂ ਤੁਸੀਂ ਕੀ ਸਮਝਦੇ ਹੋ ?

(iv) ਐੱਮ. ਐੱਸ. ਐਕਸਲ ਦੇ ਵਿਊਜ਼ ਦੇ ਨਾਂ ਲਿਖੋ।

(v) ਪੇਜ ਬ੍ਰੇਕ ਦੀ ਕੀ ਵਰਤੋਂ ਹੁੰਦੀ ਹੈ ?

ਪ੍ਰਸ਼ਨ 4. ਵੱਡੇ ਉੱਤਰਾਂ ਵਾਲੇ ਪ੍ਰਸ਼ਨ—

(i) ਪੇਜ ਲੇਅ-ਆਊਟ ਤੋਂ ਤੁਹਾਡਾ ਕੀ ਭਾਵ ਹੈ ? ਕੋਈ ਤਿੰਨ ਪੇਜ ਲੇਅ-ਆਊਟ ਆਪਸ਼ਨਜ਼ ਦੀ ਵਿਆਖਿਆ ਕਰੋ।

(ii) ਐੱਮ. ਐੱਸ. ਐਕਸਲ ਦੇ ਕੋਈ ਦੋ ਵਿਊਜ਼ ਦੀ ਵਿਆਖਿਆ ਕਰੋ।

(iii) ਹੈੱਡਰ ਅਤੇ ਫੁੱਟਰ ਕੀ ਹੁੰਦਾ ਹੈ ? ਐਕਸਲ ਵਿੱਚ ਹੈੱਡਰ ਅਤੇ ਫੁੱਟਰ ਕਿਵੇਂ ਲਾਗੂ ਕੀਤੇ ਜਾ ਸਕਦੇ ਹਨ ?

ਲੈਬ ਐਕਟੀਵਿਟੀ

(i) ਦਿੱਤੇ ਗਏ ਨਤੀਜ਼ਾ ਕਾਰਡ ਦਾ ਫਾਰਮੈਟ ਤਿਆਰ ਕਰੋ ਅਤੇ ਇਸਨੂੰ ਇਸ ਰੂਪ ਵਿੱਚ ਪ੍ਰੋਟੈਕਟ ਕਰੋ ਤਾਂ ਜੋ ਕੇਵਲ ਪੀਲੇ ਰੰਗ ਨਾਲ ਉਭਾਰੇ ਗਏ ਸੈੱਲ ਹੀ ਬਦਲਣ ਯੋਗ ਹੋਣ। ਸਾਡਾ ਐਕਟਿਵ ਸੈੱਲ ਕਿਸੇ ਹੋਰ ਸੈੱਲ ਵਿੱਚ ਦਾਖਲ ਨਾ ਹੁੰਦਾ ਹੋਵੇ।

(ii) ਇਸ ਵਰਕਬੁੱਕ ਨੂੰ ਖੋਲਣ ਤੋਂ ਵੀ ਪ੍ਰੋਟੈਕਟ ਕਰੋ। ਇਸ ਵਰਕਬੁੱਕ ਨੂੰ ਖੋਲਣ ਲਈ ਪਾਸਵਰਡ "LestExcel" ਹੋਣਾ ਚਾਹੀਦਾ ਹੈ।

GOVERNMENT SENIOR SECONDARY SCHOOL

CITY NAME

DISTRICT NAME

Detail Marks Card

Pre-Board Examination

Roll No	30	Student ID	258965
Name of Student	KAMALPREET		
Father Name	SHIVPREET		
Mother Name	NAVLEEN		
Class: 9TH	Date of Birth 27/08/2006	Section	B
UID No	4528-6985-4587	Gender	MALE

Detail of Marks Obtained

Sr No	Subject	Max Marks	Passing M	Marks Ob.	%age	Grade	Remarks
1	ENGLISH	100	40	45	45	D	ADDED TO TOTAL
2	PUNJABI	100	40	63	63	C	
3	HINDI	100	40	56	56	D	
4	SCIENCE	100	40	45	45	D	
5	MATH	100	40	88	39	E	
6	SOCIAL SCI	100	40	62	62	C	
7	COMPUTR SCI	100	40	45	45	D	
8	OPTIONAL	100	40	52	52	D	
9	WELCOME LIFE	50	20	44	88	B	
	TOTAL MARKS			359			

Maximum marks Secured	88
Minimum marks Secured	45

(Grade: 0-40: E,40-60:D, 60-80:C, 80-90:B, 90-100: A)